Fair Advice Financial | Care WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 70 | Monday, April 11, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਯੂਕਰੇਨ ਵਿਚ ਹੋ ਰਹੇ ਵਾਰ ਕ੍ਰਾਈਮਜ਼ ਦੀ ਜਾਂਚ ਵਿਚ ਮੱਦਦ ਕਰ ਰਿਹਾ ਹੈ ਕੈਨੇਡਾ : ਟਰੂਡੋ



ਓਟਵਾ, 10 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਤਵਾਰ ਨੂੰ ਆਖਿਆ ਕਿ ਯੂਕਰੇਨ ਵਿੱਚ ਹੋ ਰਹੇ ਵਾਰ ਕ੍ਰਾਈਮਜ਼ ਦੀ ਜਾਂਚ ਲਈ ਕੈਨੇਡਾ ਮਦਦ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਜਾਣਬੁੱਝ ਕੇ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਰੂਸ ਦੀਆਂ ਫੌਜਾਂ ਵੱਲੋਂ ਗੁਆਂਢੀ ਮੁਲਕਾਂ ਉੱਤੇ ਵੀ ਹਮਲੇ ਕੀਤੇ ਜਾ ਰਹੇ ਹਨ।

ਇੱਕ ਇੰਟਰਵਿਊ ਵਿੱਚ ਟਰੂਡੋ ਨੇ ਆਖਿਆ ਕਿ ਯੂਕਰੇਨ ਦੇ ਸ਼ਹਿਰ ਬੁੱਚਾ ਤੋਂ ਸਾਹਮਣੇ ਆ ਰਹੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਉਨ੍ਹਾਂ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਪੁਤਿਨ ਸੋਚ ਸਮਝ ਕੇ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਫਿਰ ਭਾਵੇਂ ਉਹ ਹਸਪਤਾਲ ਹੋਣ, ਟਰੇਨ ਸਟੇਸ਼ਨਜ਼ ਹੋਣ ਜਾਂ ਫਿਰ ਮੈਟਰਨਿਟੀ ਵਾਰਡ ਹੀ ਕਿਉਂ ਨਾ ਹੋਵੇ। ਟਰੂਡੋ ਨੇ ਅੱਗੇ ਆਖਿਆ ਕਿ ਇਸੇ ਲਈ ਕੈਨੇਡਾ ਉਨ੍ਹਾਂ ਮੁਲਕਾਂ ਵਿੱਚੋਂ ਪਹਿਲਾ ਹੈ ਜਿਨ੍ਹਾਂ ਨੇ ਪੁਤਿਨ ਦੇ ਇਨ੍ਹਾਂ ਵਾਰ ਕ੍ਰਾਈਮਜ਼ ਦੀ ਜਾਂਚ ਲਈ ਕੌਮਾਂਤਰੀ ਕ੍ਰਿਮੀਨਲ ਕੋਰਟ ਕੋਲ ਮੰਗ ਉਠਾਈ ਹੈ।

ਟਰੂਡੋ ਨੇ ਆਖਿਆ ਕਿ ਅਸੀਂ ਇਸ ਜਾਂਚ ਵਿੱਚ ਪੂਰੀ ਮਦਦ ਕਰ ਰਹੇ ਹਾਂ। ਅਸੀਂ ਲੋਕਾਂ ਨੂੰ ਤੇ ਪੂਰੀ ਦੁਨੀਆ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਨਾ ਸਿਰਫ ਕਿਸੇ ਦੇਸ਼ ਦੀ ਖੁਦਮੁਖ਼ਤਿਆਰੀ ਦੀ ਉਲੰਘਣਾ ਕਰਨਾ, ਗਲੋਬਲ ਪੱਧਰ ਉੱਤੇ ਅਸਥਿਰਤਾ ਪੈਦਾ ਕਰਨਾ-ਜਿਸ ਕਾਰਨ ਦੁਨੀਆਂ ਭਰ ਵਿੱਚ ਐਨਰਜੀ ਤੇ ਫੂਡ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ- ਬੱਜਰ ਗਲਤੀ ਹੈ ਸਗੋਂ ਪੁਤਿਨ ਵੱਲੋਂ ਪੂਰੇ ਹੋਸ਼ੋ ਹਵਾਸ ਵਿੱਚ ਕੀਤੇ ਜਾ ਰਹੇ ਵਾਰ ਕ੍ਰਾਈਮਜ਼ ਦਾ ਸਿਲਸਿਲਾ ਗਲਤ ਹੈ ਜਿਸ ਲਈ ਰੂਸੀ ਰਾਸ਼ਟਰਪਤੀ ਨੂੰ ਜਵਾਬਦੇਹ ਠਹਿਰਾਇਆ ਜਾਣਾ ਜ਼ਰੂਰੀ ਹੈ।

## ਭਾਰਤੀ ਵਿਦਿਆਰਥੀ ਦੀ ਯਾਦ ਵਿੱਚ ਵਿਜਿਲ ਦਾ ਕੀਤਾ ਗਿਆ ਆਯੋਜਨ




ਟੋਰਾਂਟੋ, 10 ਅਪਰੈਲ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਦੇ ਸਬਵੇਅ ਸਟੇਸ਼ਨ ਉੱਤੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰੇ ਗਏ 21 ਸਾਲਾ ਭਾਰਤੀ ਵਿਦਿਆਰਥੀ ਦੀ ਯਾਦ ਵਿੱਚ ਐਤਵਾਰ ਨੂੰ ਵਿਜਿਲ ਦਾ ਆਯੋਜਨ ਕੀਤਾ ਗਿਆ।

ਚਾਰ ਮਹੀਨੇ ਪਹਿਲਾਂ ਹੀ ਕੈਨੇਡਾ ਪਹੁੰਚੇ ਤੇ ਸੈਨੇਕਾ ਕਾਲਜ ਵਿੱਚ ਮਾਰਕਿਟਿੰਗ ਦੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀ ਕਾਰਤਿਕ ਵਾਸੂਦੇਵ ਦੇ ਪਰਿਵਾਰਕ ਮੈਂਬਰਾਂ, ਦੋਸਤਾਂ ਤੇ ਕੁਲੀਗਜ਼ ਵੱਲੋਂ ਨਥਾਨ ਫਿਲਿਪ ਸਕੁਏਅਰ ਉੱਤੇ ਕੁੱਝ ਪਲ ਦਾ ਮੌਨ ਧਾਰਕੇ ਉਸ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸੈਨੇਕਾ ਸਟੂਡੈਂਟ ਫੈਡਰੇਸ਼ਨ ਦੇ ਪ੍ਰੈਜ਼ੀਡੈਂਟ ਰਿਤਿਕ ਸ਼ਰਮਾ ਨੇ ਆਖਿਆ ਕਿ ਉਹ ਖੁਦ ਇੰਟਰਨੈਸ਼ਨਲ ਵਿਦਿਆਰਥੀ ਹੈ, ਤੇ ਇਸ ਘਟਨਾ ਦਾ ਉਸ ਸਮੇਤ ਕਈ ਇੰਟਰਨੈਸ਼ਨਲ ਵਿਦਿਆਰਥੀਆਂ ਉੱਤੇ ਡੂੰਘਾ ਅਸਰ ਪਿਆ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਆਉਣ ਲਈ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਘਟਨਾ ਤੋਂ ਬਾਅਦ ਵਿਦਆਰਥੀਆਂ ਵਿੱਚ ਸਹਿਮ ਪਾਇਆ ਜਾ ਰਿਹਾ ਹੈ।

ਵੀਰਵਾਰ ਸ਼ਾਮ ਨੂੰ ਜਦੋਂ ਟੋਰਾਂਟੋ ਦੇ ਸੇਂਟ ਜੇਮਜ਼ ਟਾਊਨ ਨੇੜੇ ਸ਼ੇਰਬਰਨ ਸਬਵੇਅ ਸਟੇਸ਼ਨ ਦੇ ਬਾਹਰ ਇਹ ਘਟਨਾ ਵਾਪਰੀ ਤਾਂ ਵਾਸੂਦੇਵ ਆਪਣੇ ਕੰਮ ਉੱਤੇ ਜਾ ਰਿਹਾ ਸੀ। ਇੱਕ ਆਫ ਡਿਊਟੀ ਪੈਰਾਮੈਡਿਕ ਨੇ ਕਾਰਤਿਕ ਨੂੰ ਮੌਕੇ ਉੱਤੇ ਫਰਸਟ ਏਡ ਵੀ ਦਿੱਤੀ ਤੇ ਫਿਰ ਉਸ ਨੂੰ ਸੇਂਟ ਮਾਈਕਲ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਇਸ ਸਬੰਧ ਵਿੱਚ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਮਸ਼ਕੂਕ ਬਲੈਕ ਵਿਅਕਤੀ ਹੈ, ਜੋ ਪੰਜ ਫੁੱਟ ਛੇ ਤੋਂ ਸੱਤ ਇੰਚ ਲੰਮਾਂ ਹੈ ਤੇ ਜਿਸ ਦੀ ਕੱਦਕਾਠੀ ਦਰਮਿਆਨੀ ਹੈ। ਉਸ ਨੂੰ ਆਖਰੀ ਵਾਰੀ ਹੈਂਡਗੰਨ ਦੇ ਨਾਲ ਹੌਵਰਡ ਸਟਰੀਟ ਉੱਤੇ ਗਲੈਨ ਰੋਡ ਦੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ।

ਇਸ ਸਮੇਂ ਵਾਸੂਦੇਵ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਜਾਣ ਲਈ ਕੌਂਸੂਲੇਟ ਜਨਰਲ ਆਫ ਇੰਡੀਆ ਉਸ ਦੇ ਪਰਿਵਾਰ ਨਾਲ ਤਾਲਮੇਲ ਕਰਕੇ ਕੰਮ ਕਰ ਰਿਹਾ ਹੈ। ਪਰਿਵਾਰ ਦੀ ਮਦਦ ਲਈ 50,000 ਡਾਲਰ ਇੱਕਠੇ ਕਰਨ ਵਾਸਤੇ ਗੋ ਫੰਡ ਮੀ ਪੇਜ ਕਾਇਮ ਕੀਤਾ ਗਿਆ ਹੈ। ਖਬਰ ਲਿਖੇ ਜਾਣ ਤੱਕ 25,000 ਡਾਲਰ ਇੱਕਠੇ ਵੀ ਕੀਤੇ ਜਾ ਚੁੱਕੇ ਸਨ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਕਾਰ ਹਾਦਸੇ ਵਿੱਚ ਮਹਿਲਾ ਜ਼ਖ਼ਮੀ



ਓਕਵਿੱਲ, 10 ਅਪਰੈਲ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਓਕਵਿੱਲ ਵਿੱਚ ਕੁਈਨ ਐਲਿਜ਼ਾਬੈੱਥ ਵੇਅ ਉੱਤੇ ਹੋਏ ਹਾਦਸੇ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਫੋਰਡ ਡਰਾਈਵ ਨੇੜੇ ਹਾਈਵੇਅ ਦੀਆਂ ਨਾਇਗਰਾ ਵਾਲੀਆਂ ਲੇਨਜ਼ ਉੱਤੇ ਇਹ ਸਿੰਗਲ ਵ੍ਹੀਕਲ ਹਾਦਸਾ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇਹ ਗੱਡੀ ਅਚਾਨਕ ਹੀ ਹਾਈਵੇਅ ਤੋਂ ਲਹਿ ਕੇ ਫੈਂਸ ਨੂੰ ਤੋੜਦੀ ਹੋਈ ਨੌਰਥ ਸਰਵਿਸ ਰੋਡ ਉੱਤੇ ਜਾ ਚੜ੍ਹੀ।

ਪੁਲਿਸ ਨੇ ਦੱਸਿਆ ਕਿ ਜਦੋਂ ਇਹ ਹਾਦਸਾ ਵਾਪਰਿਆ ਤਾਂ 21 ਸਾਲਾ ਮਹਿਲਾ ਗੱਡੀ ਵਿੱਚੋਂ ਬਾਹਰ ਜਾ ਡਿੱਗੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਲਈ ਫੋਰਡ ਡਰਾਈਵ ਉੱਤੇ ਕਿਊਈਡਬਲਿਊ ਵਾਲੀਆਂ ਨਾਇਗਰਾ ਜਾਣ ਵਾਲੀਆਂ ਲੇਨਜ਼ ਤੇ ਅੱਪਰ ਮਿਡਲ ਰੋਡ ਉੱਤੇ ਹਾਈਵੇਅ 403 ਦੀਆਂ ਪੱਛਮ ਵਾਲੀਆਂ ਲੇਨਜ਼ ਬੰਦ ਕਰ ਦਿੱਤੀਆਂ ਹਨ।

## ਪੰਜਾਬ ਸਰਕਾਰ ਨੇ ਬਰਗਾੜੀ ਮੋਰਚੇ ਤੋਂ ਹੋਰ ਸਮਾਂ ਮੰਗਿਆ, ਮੋਰਚੇ ਨੇ ਦਿੱਤਾ



ਬਰਗਾੜੀ (ਫ਼ਰੀਦਕੋਟ), 10 ਅਪਰੈਲ, (ਪੋਸਟ ਬਿਊਰੋ)- ਸਾਲ 2015 ਵਿਚ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏਬਰਗਾੜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਜਾਂਚ ਪੂਰੀ ਕਰਨ ਲਈ ਰਾਜ ਸਰਕਾਰ ਨੇ ਇਨਸਾਫ਼ ਮੋਰਚੇ ਦੇ ਆਗੂਆਂ ਤੋਂ ਤਿੰਨ ਮਹੀਨੇ ਹੋਰ ਸਮਾਂ ਮੰਗ ਕੇ ਕਿਹਾ ਹੈ ਕਿ ਇਸ ਵਿੱਚ ਜਿਹੜੇ ਵੀ ਦੋਸ਼ੀ ਹੋਏ, ਉਹ ਸਿਪਾਹੀ ਹੋਵੇ ਜਾਂ ਮੁੱਖ ਮੰਤਰੀ, ਕਿਸੇ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

INSURANCE
- Home - Auto
- Business - Trucking
- Life Insurance - Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ICCRC
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
ਇੰਮੀਗਰੇਸ਼ਨ ਸੇਵਾਵਾਂ
10-20% Discount
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

ROYAL STAR Realty Inc. Brokerage
"Royal People Deserve Royal Services"
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਰ ਤਰ੍ਹਾਂ ਦੇ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




LIGHT SPEED Logistics Inc.

Na

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™ AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਪੰਜਾਬ ਸਰਕਾਰ ਨੇ ਬਰਗਾੜੀ ਮੋਰਚੇ ਤੋਂ ਹੋਰ ਸਮਾਂ ਮੰਗਿਆ, ਮੋਰਚੇ ਨੇ ਦਿੱਤਾ

## * 10 ਮਈ ਨੂੰ ਸਰਕਾਰੀ ਵਕੀਲ ਫਿਰ ਸੰਗਤ ਨੂੰ ਮਿਲਣਗੇ



ਬਰਗਾੜੀ (ਫ਼ਰੀਦਕੋਟ), 10 ਅਪਰੈਲ, (ਪੋਸਟ ਬਿਊਰੋ)- ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਬਰਗਾੜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਜਾਂਚ ਪੂਰੀ ਕਰਨ ਲਈ ਰਾਜ ਸਰਕਾਰ ਨੇ ਇਨਸਾਫ਼ ਮੋਰਚੇ ਦੇ ਆਗੂਆਂ ਤੋਂ ਤਿੰਨ ਮਹੀਨੇ ਹੋਰ ਸਮਾਂ ਮੰਗ ਕੇ ਕਿਹਾ ਹੈ ਕਿ ਇਸ ਵਿੱਚ ਜਿਹੜੇ ਵੀ ਦੋਸ਼ੀ ਹੋਏ, ਉਹ ਸਿਪਾਹੀ ਹੋਵੇ ਜਾਂ ਮੁੱਖ ਮੰਤਰੀ, ਕਿਸੇ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਜਾਂਚ ਵਿਚ ਜਿੰਨੀਆਂ ਤਕਨੀਕੀ ਜਾਂ ਕਾਨੂੰਨੀ ਅੜਚਣਾਂ ਸਨ, ਉਨ੍ਹਾਂ ਨੂੰ ਦੂਰ ਕੀਤਾ ਜਾ ਰਿਹਾ ਹੈ, ਤਾਂਕਿ ਜਾਂਚ ਰੁਕਾਵਟ ਦੇ ਬਿਨਾਂ ਅੱਗੇ ਵਧ ਸਕੇ।

ਵਰਨਣ ਯੋਗ ਹੈ ਕਿ ਇਨਸਾਫ਼ ਮੋਰਚਾ ਦੇ ਆਗੂਆਂ ਨੇ ਬਰਗਾੜੀ ਬੇਅਦਬੀ ਕੇਸਦੇ ਇਨਸਾਫ਼ ਦੀ ਮੰਗ ਲਈ ਛੇ ਅਪ੍ਰੈਲ ਨੂੰ ਬੈਠਕ ਕਰ ਕੇ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ-54 ਨੂੰ ਫਿਰਜਾਮ ਕਰ ਦਿੱਤਾ ਸੀ। ਇਸ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਐਡਵੋਕੇਟ ਜਨਰਲ ਨਾਲ ਜੁੜੇ ਪੰਜ ਸੀਨੀਅਰ ਵਕੀਲਾਂ ਦਾ ਵਫ਼ਦ ਮੋਰਚੇ ਦੇ ਧਰਨੇ ਵਾਲੀ ਥਾਂ ਭੇਜਿਆ ਸੀ। ਵਫ਼ਦ ਨੇ ਇਨਸਾਫ਼ ਮੋਰਚੇ ਤੋਂ ਦਸ ਅਪ੍ਰੈਲ ਤਕ ਸਮਾਂ ਮੰਗਿਆ ਸੀ। ਇਸ ਪਿੱਛੋਂ ਮੋਰਚੇ ਨੇ ਹਾਈਵੇਅ ਤੋਂ ਧਰਨਾ ਹਟਾ ਕੇ ਜਾਮ ਖੋਲ੍ਹ ਕੇ ਧਰਨੇ ਨੂੰ ਹਾਈਵੇਅ ਦੇ ਕਿਨਾਰੇ ਸ਼ਿਫਟ ਕਰ ਦਿੱਤਾ ਸੀ।

ਅੱਜ ਐਤਵਾਰ ਨੂੰ ਚੰਡੀਗੜ੍ਹ ਤੋਂ ਐਡਵੋਕੇਟ ਜਨਰਲ ਦਫ਼ਤਰ ਤੋਂ ਵਕੀਲਾਂ ਦਾ ਵਫ਼ਦ ਇਨਸਾਫ਼ ਮੋਰਚੇ ਦੇ ਧਰਨੇ ਵਾਲੀ ਥਾਂ ਪੁੱਜਾ ਤੇ ਨਵੀਂ ਸਰਕਾਰ ਵੱਲੋਂ ਅੱਜ ਤਕ ਕੀਤੇ ਯਤਨਾਂ ਬਾਰੇ ਦੱਸਿਆ। ਵਕੀਲਾਂ ਨੇ ਦੱਸਿਆ ਕਿ ਬੇਅਦਬੀ ਕੇਸ ਵਿਚ ਜ਼ਮਾਨਤ ਲੈ ਚੁੱਕੇ ਅਤੇ ਅਦਾਲਤ ਤੋਂ ਪੁੱਛਗਿੱਛ ਤੋਂ ਛੋਟ ਲੈ ਚੁੱਕੇ ਦੋਸ਼ੀਆਂ ਤੋਂ ਪੁੱਛਗਿੱਛ ਵਿੱਚ ਕਾਨੂੰਨੀ ਅੜਚਣਾਂ ਨੂੰ ਦੂਰ ਕਰ ਲਿਆ ਹੈ, ਪਰ ਕੁਝ ਹੋਰ ਤਕਨੀਕੀ ਅੜਚਣਾਂ ਹਨ।ਵਫ਼ਦ ਨੇ ਸੰਗਤ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਮੁੱਦੇ ਨੂੰ ਖ਼ੁਦ ਗੰਭੀਰਤਾ ਨਾਲ ਦੇਖ ਰਹੇ ਹਨ, ਜੋ ਵੀ ਦੋਸ਼ੀ ਹੋਵੇਗਾ, ਬਖ਼ਸ਼ਿਆ ਨਹੀਂ ਜਾਵੇਗਾ। ਇਸ ਤੋਂ ਬਿਨਾ ਬੇਅਦਬੀ ਕਾਂਡ ਦੇ ਦੋਸ਼ੀ ਨੂੰ ਉਮਰਕੈਦ ਜਾਂ ਫਾਂਸੀ ਦੀ ਸਜ਼ਾ ਵਾਸਤੇ ਵੀ ਕੰਮ ਕੀਤਾ ਜਾ ਰਿਹਾ ਹੈ। ਆਖ਼ਰ ਵਿਚ ਵਫ਼ਦ ਨੇ ਇਨਸਾਫ਼ ਮੋਰਚੇ ਤੋਂ ਜਾਂਚ ਪੂਰੀ ਹੋਣ ਤਕ ਸਰਕਾਰ ਨੂੰ ਸਮਾਂ ਦੇਣ ਦੀ ਮੰਗ ਕਰ ਕੇ ਕਿਹਾ ਕਿ ਜਾਂਚ ਕਿੰਨੀ ਕੁ ਅੱਗੇ ਵਧੀ, ਇਸ ਬਾਰੇ ਮੋਰਚੇ ਅਤੇ ਸੰਗਤ ਨੂੰ ਦੱਸਣ ਲਈ ਉਹ ਦਸ ਮਈ ਨੂੰ ਫਿਰ ਆਉਣਗੇ।ਜਵਾਬ ਵਿੱਚ ਮੋਰਚੇ ਦੀ ਅਗਵਾਈ ਕਰ ਰਹੇ ਸੁਖਰਾਜ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਧਰਨਾ ਸ਼ਾਂਤੀਪੂਰਨ ਜਾਰੀ ਰਹੇਗਾ, ਪਰ ਸਰਕਾਰ ਨੂੰ ਸਿਰਫ਼ ਤਿੰਨ ਮਹੀਨੇ ਦਾ ਸਮਾਂ ਦਿੱਤਾ ਹੈ। ਇਸ ਦੌਰਾਨ ਸਰਕਾਰ ਕੇਸ ਹੱਲ ਨਾ ਕਰ ਸਕੀ ਤੇ ਇਨਸਾਫ਼ ਨਾ ਮਿਲਿਆ ਤਾਂ ਸੰਗਤ ਨਾਲ ਵਿਚਾਰ-ਵਟਾਂਦਰਾ ਕਰ ਕੇ ਮੋਰਚਾ ਆਪਣੇ ਤਰੀਕੇ ਨਾਲ ਸੰਘਰਸ਼ ਸ਼ੁਰੂ ਕਰ ਸਕਦਾ ਹੈ।

# ਕੁੰਵਰ ਵਿਜੇ ਪ੍ਰਤਾਪ ਵੱਲੋਂ ਆਪਣੀ ਹੀ ਸਰਕਾਰ ਦੇ ਫੈਸਲੇ ਦਾ ਵਿਰੋਧ

## * ਦੋ ਪੁਲਸ ਅਧਿਕਾਰੀਆਂ ਦੀ ਨਿਯੁਕਤੀ ਨੂੰ ਗਲਤ ਦੱਸਿਆ



ਚੰਡੀਗੜ੍ਹ, 10 ਅਪਰੈਲ, (ਪੋਸਟ ਬਿਊਰੋ)-ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਅੱਜ ਆਪਣੀ ਹੀ ਸਰਕਾਰ ਦੇ ਫੈਸਲੇ ਦਾ ਵਿਰੋਧ ਕਰ ਕੇ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ।

ਸਾਬਕਾ ਪੁਲਸ ਅਫਸਰ ਅਤੇ ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੋ ਸੀਨੀਅਰ ਆਈਪੀਐੱਸ ਅਫਸਰਾਂ, ਪ੍ਰਬੋਧ ਕੁਮਾਰ ਨੂੰ ਸਪੈਸ਼ਲ ਡੀਜੀਪੀ (ਇੰਟੈਲੀਜੈਂਸ) ਅਤੇ ਅਰੁਣ ਪਾਲ ਸਿੰਘ ਨੂੰ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਬਣਾਉਣ ਦਾ ਵਿਰੋਧ ਕੀਤਾ ਹੈ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ 1997 ਬੈਚ ਦੇ ਆਈਪੀਐੱਸ ਅਫਸਰ ਅਰੁਣ ਪਾਲ ਸਿੰਘ ਨੂੰ ਅੰਮ੍ਰਿਤਸਰ ਦਾ ਪੁਲੀਸ ਕਮਿਸ਼ਨਰ ਅਤੇ ਸਾਲ 1988 ਬੈਚ ਦੇ ਆਈਪੀਐੱਸ ਅਫਸਰ ਪ੍ਰਬੋਧ ਕੁਮਾਰ ਨੂੰ ਡੀਜੀਪੀ (ਇੰਟੈਲੀਜੈਂਸ) ਲਾਇਆ ਸੀ। ਇਨ੍ਹਾਂ ਦੋਵਾਂ ਨਿਯੁਕਤੀਆਂ ਦਾ ਵਿਰੋਧ ਕਰਨ ਵਾਲੇ ਇਸ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਿਛਲੇ ਸਾਲ ਪੰਜਾਬ ਪੁਲਿਸ ਦੇ ਆਈ ਜੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ।

ਅਸਲ ਵਿੱਚ ਬੀਤੇ ਸਾਲ ਪੰਜਾਬ ਹਰਿਆਣਾ ਹਾਈ ਕੋਰਟ ਨੇ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਵੱਲੋਂ ਕੀਤੀ ਜਿਸ ਜਾਂਚ ਨੂੰ ਰੱਦ ਕਰਨ ਦੇ ਆਦੇਸ਼ ਦਿੱਤੇ ਸਨ, ਉਸ ਜਾਂਚ ਟੀਮਵਿੱਚਆਈ ਜੀ ਕੁੰਵਰ ਵਿਜੇ ਪ੍ਰਤਾਪ ਸ਼ਾਮਲ ਸਨ। ਇਹ ਟੀਮਸਾਲ 2015 ਵਿੱਚ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਵਿਰੋਧ ਕਰਦੇ ਲੋਕਾਂ ਉੱਤੇ ਪੁਲਿਸ ਗੋਲੀਬਾਰੀ ਦੇ ਦੋ ਕੇਸਾਂ ਦੀ ਜਾਂਚ ਕਰ ਰਹੀ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਜਾਂਚ ਟੀਮ ਦੀ ਰਿਪੋਰਟ ਰੱਦ ਕਰਨ ਤੋਂ ਬਾਅਦ ਕੁੰਵਰ ਵਿਜੇ ਪ੍ਰਤਾਪ ਨੇ ਆਈਪੀਐੱਸ ਅਫਸਰ ਰੈਂਕ ਦੀ ਆਈ ਜੀ ਪੁਲਸ ਦੀ ਨੌਕਰੀ ਤੋਂ ਅਸਤੀਫਾ ਦਿੱਤਾ ਅਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

ਪੰਜਾਬ ਪੁਲਸ ਵੱਲੋਂ ਤਾਜ਼ਾ ਨਿਯੁਕਤੀਆਂ ਬਾਰੇ ਇੱਕ ਫੇਸਬੁੱਕ ਪੋਸਟ ਵਿੱਚ ਕੁੰਵਰ ਵਿਜੇ ਪ੍ਰਤਾਪ ਨੇ ਲਿਖਿਆ ਹੈ, 'ਆਮ ਲੋਕਾਂ ਦੀ ਵਿਆਪਕ ਮੰਗ ਉੱਤੇ ਮੈਂ ਦੋਵਾਂ ਪੁਲਿਸ ਅਧਿਕਾਰੀਆਂ, ਜੋ ਓਦੋਂ ਦੀਜਾਂਚ ਦਾ ਹਿੱਸਾ ਸਨ, ਨੂੰ ਤਾਇਨਾਤ ਕਰਨ ਉੱਤੇ ਮੁੜ ਵਿਚਾਰ ਦੀ ਬੇਨਤੀਯੋਗ ਪਾਰਟੀ ਫੋਰਮ ਉੱਤੇ ਕੀਤੀ ਹੈ। ਇਹ ਦੋਵੇਂ ਅਫਸਰ ਵੱਡੇ ਸਿਆਸੀ ਪਰਵਾਰਾਂ ਦੇ ਹੱਕ ਵਿੱਚ ਸਨ। ਬਰਗਾੜੀ-ਬਹਿਬਲ-ਕੋਟਕਪੂਰਾ ਗੋਲੀ ਕਾਂਡ ਦੇ ਪੀੜਤਾਂ ਨੂੰ ਇਨਸਾਫ਼ ਨਾ ਮਿਲਣ ਲਈ ਇਹ ਦੋਵੇਂ ਅਫਸਰਜ਼ਿੰਮੇਵਾਰ ਹਨ।' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਲਿਖਿਆ, 'ਮੈਂ ਜਾਂਚ ਕਰਦੀ ਟੀਮ ਵਿੱਚ ਤੀਜੇ ਨੰਬਰ ਉੱਤੇ ਸੀ। ਨੰਬਰ ਇਕ ਨੂੰ ਖੁਫੀਆ ਵਿਭਾਗ ਦਾ ਮੁਖੀ ਲਾਇਆ ਗਿਆ ਹੈ, ਜੋ ਪੁਲਿਸ ਦਾ ਸਭ ਤੋਂ ਤਾਕਤਵਰ ਅਹੁਦਾ ਹੈ।ਦੂਸਰੇ ਨੰਬਰਵਾਲੇ ਨੂੰ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਲਾਇਆ ਹੈ। ਮੈਂ ਆਪਣੀ ਪਾਰਟੀ ਦੀ ਸਰਕਾਰ ਵੱਲੋਂ ਕੀਤੀਆਂ ਇਨ੍ਹਾਂ ਨਿਯੁਕਤੀਆਂ ਵਿੱਚ ਵਿਸ਼ੇਸ਼ ਪੱਖ ਗਿਣਾ ਕੇ ਬਰਗਾੜੀ-ਬਹਿਬਲ-ਕੋਟਕਪੂਰਾ ਕਾਂਡ ਦੇ ਪੀੜਤਾਂ ਨੂੰ ਇਨਸਾਫ਼ ਦੇਣ ਲਈ ਇੱਕ ਪੱਤਰ ਰਾਹੀਂ ਮੁੱਖ ਮੰਤਰੀ ਨੂੰ ਇਸ ਫੈਸਲੇ ਉੱਤੇ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ ਹੈ।'

ਇਸ ਦੌਰਾਨ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਸ ਮਾਮਲੇ ਉੱਤੇਮੁੱਖ ਮੰਤਰੀ ਮਾਨ ਤੋਂ ਜਵਾਬ ਮੰਗਿਆ ਹੈ। ਖਹਿਰਾ ਨੇ ਮਾਨ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਮੁੱਖ ਮੰਤਰੀ ਦੇ ਨਾਲ ਤੁਸੀਂ ਪੰਜਾਬ ਦੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਮੰਤਰੀ ਹੋਣ ਕਰ ਕੇ ਇਹ ਮਾਮਲਾ ਸਿੱਧਾ ਤੁਹਾਡੇ ਹੱਥਵਿੱਚ ਹੈ।ਉਨ੍ਹਾਂ ਲਿਖਿਆ ਕਿ 'ਮੈਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਚੋਣਾਂ ਮੌਕੇ ਕਈ ਵਾਰ ਦਾਅਵਾ ਕੀਤਾ ਸੀ ਕਿ ਜੇ ਉਨ੍ਹਾਂ ਦੀ ਪਾਰਟੀ ਨੂੰ ਸੱਤਾ ਵਿੱਚਆਈ ਤਾਂ ਬਹਿਬਲ ਕਲਾਂ ਤੇ ਕੋਟਕਪੂਰਾ ਦੇ ਪੀੜਤਾਂ ਨੂੰ 24 ਘੰਟਿਆਂ ਵਿੱਚ ਇਨਸਾਫ਼ ਦਿਵਾਉਣਗੇ। ਮੈਨੂੰ ਨਹੀਂ ਲੱਗਦਾ ਕਿ ਪੰਜਾਬ ਸਰਕਾਰ ਉਸ ਵਾਅਦੇ ਨੂੰ ਪੂਰਾ ਕਰਨ ਦੇ ਕੋਈ ਵਿਸ਼ੇਸ਼ਯਤਨ ਕਰ ਰਹੀ ਹੈ। ਤੁਹਾਡੀ ਆਪਣੀ ਪਾਰਟੀ ਦੇ ਵਿਧਾਇਕ ਅਤੇ ਸੀਨੀਅਰ ਰੈਂਕ ਦੇ ਸਾਬਕਾ ਪੁਲਿਸ ਅਫਸਰ ਨੇ ਦੋ ਆਈਪੀਐੱਸ ਅਫਸਰਾਂ ਦੀ ਨਿਯੁਕਤੀ ਉੱਤੇ ਗੰਭੀਰ ਸਵਾਲ ਉਠਾਏ ਹਨ ਕਿ ਇਹਲੋਕ ਜਾਂਚ ਟੀਮ ਦਾ ਹਿੱਸਾ ਸਨ, ਪਰ ਵੱਡੇ ਸਿਆਸੀ ਪਰਿਵਾਰਾਂ ਨਾਲ ਨੇੜ ਕਾਰਨ ਨਿਆਂ ਦੇਣਵਿੱਚ ਅਸਫਲ ਰਹੇ ਸਨ। ਖਹਿਰਾ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਹੋਣ ਦੇ ਅਤੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਦੇ ਇੰਚਾਰਜ ਹੋਣ ਦੇ ਨਾਤੇ ਭਗਵੰਤ ਮਾਨ ਇਨ੍ਹਾਂ ਦੋਸ਼ਾਂ ਉੱਤੇ ਆਪਣੀ ਸਥਿਤੀ ਸਪੱਸ਼ਟ ਕਰਨ।



















## ਅੱਜ ਨਾਮਾ


ਕੁਰਸੀ ਛੱਡ ਕੇ ਖਾਨ ਇਮਰਾਨ ਤੁਰਿਆ,
ਆਈ ਰਾਸ ਨਹੀਂ ਕੀਤੜੀ ਅੜੀ ਮੀਆਂ।
ਰਾਹ ਸੀ ਰੋਕ ਲਿਆ ਅੱਗੋਂ ਅਦਾਲਤਾਂ ਨੇ,
ਕਰੀ ਚੁਸਤੀ ਤਾਂ ਉਹਨੇ ਸੀ ਬੜੀ ਮੀਆਂ।
ਆਸ ਲਾਈ ਸੀ ਫੌਜ ਤੋਂ ਬਹੁਤ ਉਸ ਨੇ,
ਉਹ ਵੀ ਰਹੀ ਨਿਰਪੱਖ ਸੀ ਖੜੀ ਮੀਆਂ।
ਮੈਂਬਰ ਨਾਲ ਹੈ ਨਹੀਂ ਉਹਦੇ ਰਾਜ ਜੋਗੇ,
ਐਵੇਂ ਈ ਹਾਰੀ ਲੜਾਈ ਹੈ ਲੜੀ ਮੀਆਂ।
ਖੇਡਿਆ ਚੋਣਾਂ ਦਾ ਦਾਅ ਨਾ ਸਿਰੇ ਚੜ੍ਹਿਆ,
ਖੋਹ ਲਈ ਕੁਰਸੀ ਸ਼ਰੀਫਾਂ ਨੇ ਫੇਰ ਮੀਆਂ।
ਰਗੜਿਆ ਜਿਨ੍ਹਾਂ ਨੂੰ ਬਹੁਤ ਸੀ ਸਾਲ ਪੰਜੇ,
ਨਿਕਲੇ ਸੇਰ ਲਈ ਉਹ ਸਵਾ ਸੇਰ ਮੀਆਂ।

**ਤੀਸ ਮਾਰ ਖਾਂ**

# ਪਾਕਿ ਦੇ ਨਵੇਂ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਹੋਣਗੇ

ਇਸਲਾਮਾਬਾਦ, 10 ਅਪਰੈਲ, (ਪੋਸਟ ਬਿਊਰੋ)-ਪਾਕਿਸਤਾਨ ਦੀਆਂ ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਅਹੁਦੇ ਲਈ ਪਾਕਿ-ਸਤਾਨ ਮੁਸਲਿਮ ਲੀਗ-ਨਵਾਜ਼ ਦੇ ਸ਼ਹਿਬਾਜ਼ ਸ਼ਰੀਫ਼ ਨੂੰ ਸਾਂਝਾ ਉਮੀਦਵਾਰ ਮੰਨਿਆ ਹੈ। ਸੰਯੁਕਤ ਵਿਰੋਧੀ ਧਿਰ ਨੇ ਨਵੇਂ ਪ੍ਰਧਾਨ ਮੰਤਰੀ ਦੇ ਨਾਂਅ ਉੱਤੇ ਆਪਣੀ ਮੋਹਰ ਲਾ ਦਿੱਤੀ ਹੈ।

ਅੱਜ ਐਤਵਾਰ ਨੂੰ ਵਿਰੋਧੀ ਧਿਰ ਨੇ ਪੀਐੱਮਐੱਲ-ਐੱਨ ਦੇ ਆਗੂ ਸ਼ਹਿਬਾਜ਼ ਸ਼ਰੀਫ਼ ਨੂੰ ਆਪਣਾ ਆਗੂ ਚੁਣਿਆ ਹੈ। ਇਸ ਤੋਂ ਪਹਿਲਾਂ ਵਿਰੋਧੀ ਧਿਰ ਦੀ ਲੰਬੀ ਬੈਠਕ ਹੋਈ, ਜਿਸ ਦੌਰਾਨ ਫੈਸਲਾ ਲਿਆ ਗਿਆ ਕਿ ਸ਼ਹਿਬਾਜ਼ ਸ਼ਰੀਫ ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਸਭ ਤੋਂ ਅੱਗੇ ਰੱਖਿਆ ਜਾਵੇਗਾ।



ਦੂਸਰੇ ਪਾਸੇ ਗੱਦੀਉਂ ਲਾਹੇ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਪਾਰਟੀ ਦੀਆਂ ਮਹਿਲਾ ਸਮਰਥਕਾਂ ਨੂੰ ਬੇਭਰੋਸਗੀ ਮਤਾ ਹਾਰਨ ਪਿੱਛੋਂਗ੍ਰਿਫਤਾਰ ਕਰ ਗਿਆ ਹੈ। ਇਹ ਔਰਤਾਂ ਬੇਭਰੋਸਗੀ ਮਤੇ ਖਿਲਾਫ ਪਾਰਲੀਮੈਂਟਮੂਹਰੇ ਨਾਅਰੇਬਾਜ਼ੀ ਕਰ ਰਹੀਆਂ ਸਨ। ਵਰਨਣ ਯੋਗ ਹੈ ਕਿ ਸ਼ਨਿਚਰਵਾਰ ਦੇਰ ਰਾਤ ਪਾਕਿਸਤਾਨ ਦੀ ਪਾਰਲੀਮੈਂਟ ਦੇ ਸਪੀਕਰ ਤੇ ਡਿਪਟੀ ਸਪੀਕਰ ਨੇ ਬੇਭਰੋਸਗੀ ਮਤੇ ਉੱਤੇ ਵੋਟਿੰਗ ਕਰਾਉਣ ਤੋਂ ਬਚਣ ਲਈ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ ਕਰੀਬ 12:40 ਉੱਤੇ ਵੋਟਿੰਗ ਹੋਈ ਅਤੇ ਵਿਰੋਧੀ ਧਿਰ ਦੇ ਪੱਖ ਵਿੱਚ ਲੋੜੀਂਦੀਆਂ 172 ਵੋਟਾਂ ਦੀ ਥਾਂ 174 ਵੋਟਾਂ ਪੈਣ ਨਾਲ ਇਮਰਾਨ ਖਾਨ ਸੱਤਾ ਤੋਂ ਹਟਾ ਦਿੱਤੇ ਗਏ ਸਨ।

ਓਧਰ ਪਾਕਿਸਤਾਨ ਦੀ ਵਿਰੋਧੀ ਪਾਰਟੀ ਦੇ ਸੀਨੀਅਰ ਨੇਤਾ ਬਿਲਾਵਲ ਭੁੱਟੋ ਜ਼ਰਦਾਰੀ ਨੇ ਬੇਭਰੋਸਗੀ ਮਤਾ ਪਾਸ ਹੋਣ ਪਿੱਛੋਂ ਇਮਰਾਨ ਖਾਨਨੂੰ ਚੋਭ ਲਾਈ ਕਿ ਅਸੀਂ ਪੁਰਾਣੇ ਪਾਕਿਸਤਾਨ ਵਿਚ ਵਾਪਸੀ ਉੱਤੇ ਤੁਹਾਡਾ ਸੁਆਗਤ ਕਰਦੇ ਹਾਂ।ਇਮਰਾਨ ਖਾਨ ਨਵਾਂ ਪਾਕਿਸਤਾਨ ਬਣਾਉਣ ਦੇ ਵਾਅਦੇ ਨਾਲ 2018 ਵਿੱਚ ਸੱਤਾ ਵਿੱਚ ਆਏ ਸਨ। ਉਹ ਦੇਸ਼ ਦੇ ਇਤਿਹਾਸ ਵਿਚ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੂੰ ਬੇਭਰੋਸਗੀ ਮਤੇ ਨਾਲ-ਹਟਾਇਆ ਗਿਆ ਹੈ।ਉਂਜ ਇਸ ਦੇਸ਼ ਦੇ ਇਤਿਹਾਸ ਵਿੱਚ ਅੱਜ ਤਕ ਕਿਸੇ ਪ੍ਰਧਾਨ ਮੰਤਰੀ ਨੇ ਪੰਜ ਸਾਲ ਪੂਰੇ ਨਹੀਂ ਕੀਤੇ।ਇਮਰਾਨ ਖਾਨ ਨੇ 18 ਅਗਸਤ 2018 ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਤਾਂ ਉਨ੍ਹਾਂ ਦਾ ਰਾਜ 10 ਅਪ੍ਰੈਲ 2022 ਤੱਕ 1,332 ਦਿਨਾਂ ਜਿੰਨਾ ਹੀ ਰਹਿ ਸਕਿਆ।

# ਰਾਜਾ ਵੜਿੰਗ ਦੇ ਪ੍ਰਧਾਨ ਬਣਦੇ ਸਾਰ ਸਾਬਕਾ ਵਿਧਾਇਕ ਧੀਮਾਨ ਦੀ ਕਾਂਗਰਸ ਵਿੱਚੋਂ ਛਾਂਟੀ

ਚੰਡੀਗੜ੍ਹ, 10 ਅਪਰੈਲ, (ਪੋਸਟ ਬਿਊਰੋ)-ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਨਿਯੁਕਤੀ ਦੇ ਅਗਲੇ ਦਿਨ ਉਹ ਕਾਰਵਾਈ ਦੇ ਰਾਹ ਪੈ ਗਏ ਤੇ ਐਤਵਾਰ ਨੂੰ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਦੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਰੱਦ ਕਰ ਕੇ ਬਾਹਰ ਦਾ ਰਸਤਾ ਵਿਖਾ ਦਿੱਤਾ ਹੈ। ਰਾਜਾ ਵੜਿੰਗ ਨੇ ਇਹ ਕਾਰਵਾਈ ਕੋਈ ਅਲਟੀਮੇਟਮ ਦੇਣ ਬਿਨਾਂ ਕੀਤੀ ਅਤੇ ਇਸ ਦਾ ਪੱਤਰ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਜਾਰੀ ਕਰ ਕੇ ਸੁਰਜੀਤ ਸਿੰਘ ਧੀਮਾਨ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਕਾਰਨਕੱਢ ਦਿੱਤਾ ਹੈ।

ਵਰਨਣ ਯੋਗ ਹੈ ਕਿ ਸੁਰਜੀਤ ਸਿੰਘ ਧੀਮਾਨ ਕਾਂਗਰਸ ਦੇ ਮਾਲਵਾ ਖੇਤਰ ਵਿੱਚ ਸਿਰਕੱਢ ਆਗੂ ਸਨ।



ਇਸਤੋਂ ਪਹਿਲਾਂ ਉਨ੍ਹਾਂ ਨੂੰ ਟਿਕਟ ਨਹੀਂ ਸੀ ਮਿਲ ਸਕੀ ਅਤੇ ਅੱਜ ਰਾਜਾ ਵੜਿੰਗ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ।ਉਨ੍ਹਾ ਨੇ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਭ੍ਰਿਸ਼ਟਾਚਾਰ ਕਰਨ ਵਾਲਾ ਆਗੂਦੱਸਿਆ ਅਤੇ ਕਿਹਾ ਸੀ ਕਿ ਉਹ ਯੂਥ ਕਾਂਗਰਸ ਦਾ ਪ੍ਰਧਾਨ ਹੁੰਦਿਆਂ ਕਈ ਰਾਜਾਂ ਵਿੱਚ ਟਿਕਟਾਂ ਵੇਚ ਕੇ ਆਇਆ ਸੀ।

# ਜੇ ਐੱਨ ਯੂ ਵਿੱਚ ਏ ਬੀ ਵੀ ਪੀ ਅਤੇ ਖੱਬੇ ਪੱਖੀਆਂ ਵਿਚਕਾਰ ਝੜਪ

### * ਪੂਜਾ ਦੇ ਦਿਨਾਂ ਵਿੱਚ ਵੈੱਜ ਜਾਂ ਨਾਨ-ਵੈੱਜ ਭੋਜਨ ਦਾ ਵਿਵਾਦ ਵਧਿਆ

ਨਵੀਂ ਦਿੱਲੀ, 10 ਅਪਰੈਲ, (ਪੋਸਟ ਬਿਊਰੋ)-ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਫਿਰ ਵਿਵਾਦਾਂ ਵਿੱਚਆ ਗਈ ਹੈ। ਇਸ ਵਾਰ ਰਾਮ ਨੌਮੀਮੌਕੇਪੂਜਾਦੌਰਾਨਏ ਬੀ ਵੀ ਪੀਅਤੇ ਖੱਬੇਪੱਖੀ ਵਿਦਿਆਰਥੀਆਂ ਦਾਝਗੜਾ ਹੋ ਗਿਆ ਅਤੇ ਇੰਟਰਨੈੱਟ ਮੀਡੀਆਉੱਤੇ ਲੋਕ ਇਸ ਵਿਵਾਦਬਾਰੇ ਆਪੋ-ਆਪਣੀ ਪ੍ਰਤੀਕਿਰਿਆ ਦੇ ਰਹੇ ਹਨ।

ਮਿਲੀ ਜਾਣਕਾਰੀ ਮੁਤਾਬਕ ਜੇਐੱਨਯੂ ਦੇ ਕਾਵੇਰੀ ਹੋਸਟਲ ਵਿੱਚ ਸਾਬਕਾ ਵਿਦਿਆਰਥੀਆਂ ਵੱਲੋਂ ਰਾਮ ਨੌਮੀ ਦੀ ਪੂਜਾਚੱਲ ਰਹੀ ਸੀ। ਇਸ ਦੌਰਾਨਖੱਬੇਪੱਖੀ ਵਿਚਾਰਧਾਰਾ ਨਾਲ ਜੁੜੇ ਵਿਦਿਆਰਥੀ ਸੰਗਠਨ ਪੂਜਾ ਦੀ ਇਜਾਜ਼ਤ ਦੇਣ ਦੇ ਵਿਰੁੱਧ ਸਨ।ਪੂਜਾਉੱਤੇ ਰੋਕ ਨਾ ਲੱਗਣ ਕਾਰਨ ਖੱਬੇਪੱਖੀਸੰਗਠਨਾਂ ਨੇ ਮਾਸਾਹਾਰੀ ਭੋਜਨ ਉੱਤੇ ਰੋਕ ਲਾਉਣ ਦਾ ਮੁੱਦਾ ਉਠਾਇਆ। ਕਾਵੇਰੀ ਹੋਸਟਲ ਦੇ ਮੈਨਿਊ ਵਿੱਚ ਨਾਨ ਵੈਜ ਤੇ ਵੈਜ ਦੋਵੇਂ ਹਨ।ਭਾਰਤੀ ਜਨਤਾ ਪਾਰਟੀ ਨਾਲ ਜੁੜੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ ਬੀ ਵੀ ਪੀ) ਦੇ ਕਾਰਕੁਨ ਐਤਵਾਰ ਨੂੰ ਮਾਸਾਹਾਰੀ ਭੋਜਨ ਬਣਾਉਣ ਅਤੇ ਖਾਣ ਤੋਂ ਰੋਕਦੇ ਸਨ।ਉਨ੍ਹਾਂ ਨੇ ਹੋਸਟਲ ਵਾਰਡਨ ਨਾਲ ਹੱਥੋਪਾਈ ਵੀ ਕੀਤੀ।ਇਸ ਮੌਕੇਜੇਐੱਨਯੂਵਿੱਚ ਸ਼ਾਮ ਵੇਲੇ ਦੋਵਾਂ ਧਿਰਾਂ ਵਿਚਾਲੇ ਹਿੰਸਾ ਵੀ ਹੋਈਅਤੇ ਦੋਵਾਂ ਪਾਸਿਆਂ ਤੋਂ ਕਈ ਵਿਦਿਆਰਥੀ ਜ਼ਖ਼ਮੀ ਹੋ ਗਏ।ਦਿੱਲੀ ਪੁਲਿਸ ਨੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਵਾਂ ਧਿਰਾਂ ਨੇ ਇਸ ਝਗੜੇ ਦੀ ਵੀਡੀਓ ਇੰਟਰਨੈੱਟ ਮੀਡੀਆ ਉੱਤੇ ਜਾਰੀ ਕੀਤੀ ਹੈ।



ਇਸ ਝਗੜੇ ਬਾਰੇਏ ਬੀ ਵੀ ਪੀ ਨੇ ਕਿਹਾ ਕਿ ਰਾਮ ਨੌਮੀ ਮੌਕੇ ਉੱਤੇਪੂਜਾ ਤੇ ਹਵਨ ਦਾ ਪ੍ਰੋਗਰਾਮ ਰੱਖਿਆ ਸੀ। ਕਾਵੇਰੀ ਹੋਸਟਲ ਵਿੱਚਪੂਜਾ ਦਾ ਸਮਾਂ ਦੁਪਹਿਰ 3:30 ਵਜੇ ਸੀ, ਜਿਸ ਵਿੱਚਜੇਐੱਨਯੂ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚਆਏ ਸਨ।ਖੱਬੇਪੱਖੀ ਵਿਦਿਆਰਥੀਆਂ ਨੇ ਪੂਜਾ ਰੋਕਣ ਦੀ ਕੋਸ਼ਿਸ਼ ਕੀਤੀ ਤੇ ਵਿਘਨ ਪਾਇਆ। ਇਸ ਤੋਂ ਇਲਾਵਾ ਭੋਜਨ ਦੇ ਅਧਿਕਾਰ ਬਾਰੇ ਬੇਲੋੜੇ ਹੰਗਾਮੇ ਦੀ ਕੋਸ਼ਿਸ਼ ਕੀਤੀ।ਖੱਬੇ-ਪੱਖੀ ਮੁਸਲਮਾਨਾਂ ਅਤੇ ਹਿੰਦੂਆਂ ਵਿਚਾਲੇ ਬਰਾਬਰ ਕਰਨ ਅਤੇ ਜਾਤ-ਪਾਤ ਦਾ ਸਫ਼ਾਏ ਲਈ ਜ਼ੋਰ ਲਾ ਰਹੇ ਹਨ।ਉਨ੍ਹਾਦੱਸਿਆ ਕਿ ਏ ਬੀ ਵੀ ਪੀ ਨੇ ਆਪਣੀ ਨਫ਼ਰਤ ਦੀ ਰਾਜਨੀਤੀ ਅਤੇ ਫੁੱਟ ਪਾਊ ਏਜੰਡੇ ਹੇਠ ਅੱਜ ਕਾਵੇਰੀ ਹੋਸਟਲ ਵਿੱਚ ਹਿੰਸਕ ਮਾਹੌਲ ਬਣਾਇਆ ਅਤੇ ਮੈਸ ਕਮੇਟੀ ਨੂੰ ਰਾਤ ਦੇ ਖਾਣੇ ਦਾ ਮੈਨਿਊ ਬਦਲਣ ਤੇ ਸਾਰੇ ਵਿਦਿਆਰਥੀਆਂ ਲਈ ਮਾਸਾਹਾਰੀ ਵਸਤਾਂ ਮਨ੍ਹਾਂ ਕਰਨ ਲਈ ਮਜਬੂਰ ਕਰਦੇ ਹਨ, ਜਦ ਕਿ ਕੀ ਖਾਣਾ ਜਾਂ ਕੀ ਨਹੀਂ ਖਾਣਾ ਹੈ, ਇਹ ਕਿਸੇ ਦੀ ਮਰਜ਼ੀ ਹੋਣੀ ਚਾਹੀਦੀ ਹੈ।

# ਸੱਚਾ ਸੌਦਾ ਦੇ ਸੂਬਾ ਪੱਧਰੀ ਸਮਾਗਮ ਤੋਂ ਰਾਜਸੀ ਲੋਕਾਂ ਨੇ ਦੂਰੀ ਰੱਖੀ

ਭਗਤਾ ਭਾਈਕਾ, ਬਠਿੰਡਾ, 10 ਅਪਰੈਲ, (ਪੋਸਟ ਬਿਊਰੋ)- ਸਮੁੱਚੇ ਪੰਜਾਬ ਲਈ ਡੇਰਾ ਸੱਚਾ ਸੌਦਾ ਸਿਰਸਾ ਦੇ ਕੰਟਰੋਲ ਕੇਂਦਰ ਮੰਨੇ ਜਾਂਦੇ ਪਿੰਡ ਸਲਾਬਤਪੁਰਾ ਡੇਰੇ ਵਿੱਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਅੱਜ ਐਤਵਾਰ ਜਦੋਂ ਪਹਿਲਾ ਧਾਰਮਿਕ ਸਮਾਗਮ ਹੋਇਆ ਤਾਂ ਸਮੂਹ ਡੇਰਾ ਪ੍ਰੇਮੀਆਂ ਨੂੰ ਇਕੱਠੇ ਰਹਿਣ ਨੂੰ ਕਿਹਾ ਗਿਆ। ਡੇਰੇ ਦੇ 74ਵੇਂ ਸਥਾਪਨਾ ਦਿਵਸ ਮੌਕੇ ਵੱਡੀ ਗਿਣਤੀ ਪ੍ਰੇਮੀਆਂ ਨੇ ਹਾਜ਼ਰੀ ਭਰੀ, ਪਰ ਸਿਆਸੀ ਆਗੂ ਕੋਈ ਨਹੀਂ ਆਇਆ।

ਇਸ ਮੌਕੇ ਡੇਰਾ ਸੱਚਾ ਸੌਦਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਕੁਝ ਲੋਕ ਉਨ੍ਹਾਂ ਦੇ ਵਿਚ ਦਰਾੜ ਪੈਦਾ ਕਰਨ ਦਾ ਯਤਨ ਕਰਦੇ ਹਨ, ਪਰ ਸਾਨੂੰ ਉਨ੍ਹਾਂ ਦੀਆਂ ਗੱਲਾਂ ਵਿੱਚ ਪੈਣ ਦੀ ਥਾਂ ਇਕੱਠੇ ਰਹਿਣਾ ਚਾਹੀਦਾ ਹੈ। ਡੇਰੇ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਪੰਜਾਬ ਹਰਚਰਨ ਸਿੰਘ ਨੇ ਮੰਗ ਕੀਤੀ ਕਿ ਡੇਰੇ ਵਿਰੁੱਧ ਪ੍ਰਚਾਰ ਕਰਨ ਵਾਲਿਆਂ ਨੂੰ ਰੋਕਿਆ ਜਾਵੇ। ਬੇਅਦਬੀ ਕੇਸ ਵਿੱਚ ਡੇਰੇ ਦਾ ਨਾਂ ਵਾਰ-ਵਾਰ ਸਾਹਮਣੇ ਆਉਣ ਬਾਰੇ ਉਨ੍ਹਾ ਕਿਹਾ ਕਿ ਡੇਰਾ ਸ਼ੁਰੂ ਤੋਂ ਕਹਿੰਦਾ ਰਿਹਾ ਹੈ ਕਿ ਬੇਅਦਬੀ ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ, ਡੇਰਾ ਦੇਸ਼ ਦਾ ਸੇਵਕ ਹੈਅਤੇ ਉਹ ਭਗਤੀ ਮਾਰਗ ਉੱਤੇ ਚੱਲਦੇ ਹਨ, ਜਿਸ ਦਾ ਅਜਿਹੀਆਂ ਘਟਨਾਵਾਂ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਕਾਂਡ ਦੀ ਮੁੜ ਕੇ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾ ਸਕੇ।

ਸਮਾਗਮ ਦੌਰਾਨ ਡੇਰੇ ਦੇ ਵਕੀਲ ਕੇਵਲ ਬਰਾੜ ਨੇ ਕਿਹਾ ਕਿ ਰਾਜਸੀ ਪਾਰਟੀਆਂ ਸੱਤ ਸਾਲਾਂ ਤੋਂ ਬੇਅਦਬੀ ਉੱਤੇ ਸਿਆਸਤ ਕਰ ਰਹੀਆਂ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਬੇਅਦਬੀ ਕਾਂਡ ਦੀ ਜਾਂਚ ਲਈ ਨਵੀਂ ਐੱਸਆਈਟੀ ਬਣਾਈ ਜਾਵੇ। ਮੌੜ ਬੰਬ ਕਾਂਡਬਾਰੇਉਨ੍ਹਾਂ ਕਿਹਾ ਕਿ ਕੁਝ ਲੋਕਾਂ ਉੱਤੇ ਝੂਠਾ ਕੇਸ ਪਾ ਕੇ ਗ੍ਰਿਫ਼ਤਾਰ ਕੀਤਾ ਗਿਆ, ਪਰ ਅਸਲ ਦੋਸ਼ੀ ਅਜੇ ਵੀ ਬਾਹਰ ਘੁੰਮਦੇ ਹਨ, ਜਾਂਚ ਕਰਵਾ ਕੇ ਉਨ੍ਹਾਂ ਨੂੰ ਫੜਨਾ ਚਾਹੀਦਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਲਾਬਤਪੁਰਾ ਵਿੱਚ ਡੇਰੇ ਵਿੱਚ ਵੱਡਾ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ ਜਾਣ ਵੇਲੇਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਹਾਜ਼ਰੀ ਭਰੀ ਸੀ, ਪਰ ਚੋਣਾਂ ਪਿੱਛੋਂ ਅੱਜ ਦੇ ਸਮਾਗਮ ਕੋਈ ਆਗੂ ਨਹੀਂ ਪੁੱਜਾ। ਇਸਬਾਰੇ ਹਰਚਰਨ ਸਿੰਘ ਨੇ ਕਿਹਾ ਕਿ ਉਹ ਧਾਰਮਿਕ ਪ੍ਰੋਗਰਾਮ ਕਰਦੇ ਹਨ, ਸਿਆਸਤ ਦਾ ਕੋਈ ਲੈਣਾ-ਦੇਣਾ ਨਹੀਂ, ਜੇ ਕੋਈ ਆਵੇ ਤਾਂ ਸੁਆਗਤ ਹੈ, ਆਉਣ ਨਾਂ ਆਉਣ ਬਾਰੇ ਕੁਝ ਨਹੀਂ ਕਹਿ ਸਕਦੇ।




# ਚੋਣ ਨਤੀਜੇ ਤੋਂ ਮਹੀਨਾ ਪਿੱਛੋਂ ਵੀ ਅਕਾਲੀ ਵਿਧਾਇਕਾ ਗੁਨੀਵ ਕੌਰ ਨੇ ਸਹੁੰ ਨਹੀਂ ਚੁੱਕੀ

ਚੰਡੀਗੜ੍ਹ, 10 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਐਲਾਨੇ ਨੂੰ ਇਕ ਮਹੀਨਾ ਹੋ ਜਾਣ ਦੇ ਬਾਅਦ ਵੀ ਕੁੱਲ 117 ਨਵੇਂ ਚੁਣੇ ਗਏ ਵਿਧਾਇਕਾਂ ਵਿੱਚੋਂ ਮਜੀਠਾ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਉੱਤੇ ਚੋਣ ਜਿੱਤ ਚੁੱਕੀ ਗੁਨੀਵ ਕੌਰ ਨੇ ਹਾਲੇ ਤਕ ਵਿਧਾਇਕਾ ਵਜੋਂ ਸਹੁੰ ਨਹੀਂ ਚੁੱਕੀ।

ਵਰਨਣ ਯੋਗ ਹੈ ਕਿ ਅਕਾਲੀ ਵਿਧਾਇਕਾ ਗੁਨੀਵ ਕੌਰ ਤੋਂ ਇਲਾਵਾ ਚਾਰ ਹੋਰ ਵਿਧਾਇਕਾਂ ਨੇ ਵੀਵਿਧਾਨ ਸਭਾ ਦੇ ਪਹਿਲੇ ਸੈਸ਼ਨ ਵਿੱਚ ਸਹੁੰ ਨਹੀਂ ਸੀ ਚੁੱਕੀ, ਪਰ ਇਨ੍ਹਾਂ ਚਾਰ ਵਿਧਾਇਕਾਂ ਨੇ ਦੂਸਰੇ ਵਿਸ਼ੇਸ਼ ਸੈਸ਼ਨ ਦੌਰਾਨ ਸਹੁੰ ਚੁੱਕ ਲਈ ਸੀ। ਇਨ੍ਹਾਂ ਵਿੱਚੋਂ ਇਕ ਜਾਣਾ ਕਾਂਗਰਸ ਦਾ, ਦੋ ਭਾਜਪਾ ਦੇ ਅਤੇ ਇਕ ਆਜ਼ਾਦ ਵਿਧਾਇਕ ਸੀ।

ਵਿਧਾਨ ਸਭਾ ਦੇ ਪਹਿਲੇ ਸੈਸ਼ਨ ਮੌਕੇ ਬਹੁਤੇ ਵਿਧਾਇਕਾਂ ਨੇ ਸਹੁੰ ਚੁੱਕ ਲਈ, ਪਰ ਗੁਨੀਵ ਕੌਰ ਨੇ ਚਿੱਠੀ ਲਿਖ ਕੇ ਕਿਹਾ ਸੀ ਕਿ ਉਹ ਹਾਲੇ ਸਹੁੰ ਨਹੀਂ ਚੁੱਕ ਸਕਦੀ। ਦੂਸਰੇ ਸੈਸ਼ਨ ਦੌਰਾਨ ਵੀ ਗੁਨੀਵ ਕੌਰ ਨੇ ਸਹੁੰ ਨਹੀਂ ਚੁੱਕੀ। ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਤੇ ਉਨ੍ਹਾਂ ਦੇ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਵੀ ਪਹਿਲੇ ਸੈਸ਼ਨ ਵਿਚ ਸਹੁੰ ਨਹੀਂ ਸੀ ਚੁੱਕੀ ਅਤੇ ਭਾਜਪਾ ਵਿਧਾਇਕਾਂ ਅਸ਼ਵਨੀ ਸ਼ਰਮਾ, ਵਿਧਾਇਕ ਜੰਗੀ ਲਾਲ ਮਹਾਜਨ ਨੇ ਵੀ ਪਹਿਲੇ ਸੈਸ਼ਨ ਵਿੱਚ ਸਹੁੰ ਨਹੀਂ ਸੀ ਚੁੱਕੀ। ਇਨ੍ਹਾਂ ਚਾਰਾਂ ਨੇ ਦੂਸਰੇ ਸੈਸ਼ਨ ਵਿਚ ਸਹੁੰ ਚੁੱਕ ਲਈ ਸੀ। ਰਾਣਾ ਗੁਰਜੀਤ ਸਿੰਘ ਦੇ ਭਰਾ ਦਾ ਦੇਹਾਂਤ ਹੋ ਜਾਣ ਕਾਰਨ ਉਨ੍ਹਾ ਨੇ ਪਹਿਲੇ ਸੈਸ਼ਨ ਮੌਕੇ ਸਹੁੰ ਨਹੀਂ ਸੀ ਚੁੱਕੀ। ਮਜੀਠਾ ਹਲਕੇ ਦੀ ਵਿਧਾਇਕਾ ਗੁਨੀਵ ਕੌਰ ਮਜੀਠੀਆ ਦੇ ਪਤੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵਿਧਾਨ ਸਭਾ ਚੋਣਾਂ ਦੌਰਾਨ ਜ਼ਮਾਨਤ ਉੱਤੇ ਸਨ ਅਤੇ ਚੋਣਾ ਹੁੰਦੇ ਸਾਰ 22 ਫਰਵਰੀ ਨੂੰ ਉਨ੍ਹਾਂ ਨੇ ਡਰੱਗਜ਼ ਕੇਸ ਵਿੱਚ ਆਤਮ ਸਮਰਪਣ ਕਰ ਦਿੱਤਾ ਸੀ ਅਤੇ ਉਦੋਂ ਤੋਂ ਉਹ ਪਟਿਆਲਾ ਜੇਲ੍ਹ ਵਿਚ ਹਨ।ਪਹਿਲੀ ਚੋਣ ਜਿੱਤੀ ਗੁਨੀਵ ਕੌਰ ਉਨ੍ਹਾਂ ਦੇ ਬਾਹਰ ਆਉਣ ਦੀ ਉਡੀਕ ਕਰ ਰਹੀ ਹੈ।












# ਸਿੱਖ ਨੈਸ਼ਨਲ ਕਾਲਿਜ ਬੰਗਾ ਵਿੱਚ ਕਲਮ ਸੰਸਥਾ ਵੱਲੋਂ ਛੇ ਪ੍ਰਮੁੱਖ ਲੇਖਕਾਂ ਦਾ ਸਨਮਾਨ



ਲੁਧਿਆਣਾ , 10 ਅਪ੍ਰੈਲ( ਗਿਆਨ ਸਿੰਘ ) ਕੌਮਾਂਤਰੀ ਲੇਖਕ ਮੰਚ (ਕਲਮ) ਵੱਲੋਂ ਪੰਜਾਬੀ ਭਾਸ਼ਾ ਦੇ ਛੇ ਸਿਰਕੱਢ ਲੇਖਕਾਂ ਹਰਭਜਨ ਸਿੰਘ ਹੁੰਦਲ, ਡਾ ਆਤਮਜੀਤ ਨਾਟਕਕਾਰ,ਡਾ ਧਨਵੰਤ ਕੌਰ ਪਟਿਆਲਾ, ਡਾਃ ਭੀਮ ਇੰਦਰ ਸਿੰਘ, ਡਾ ਨੀਤੂ ਅਰੋੜਾ ਬਠਿੰਡਾ ਤੇ ਡਾ ਕੁਲਦੀਪ ਸਿੰਘ ਦੀਪ ਚੰਡੀਗੜ੍ਹ ਨੂੰ ਕ੍ਰਮਵਾਰ ਬਾਪੂ ਜਾਗੀਰ ਸਿੰਘ ਕੰਬੋਜ ਯਾਦਗਾਰੀ ਪੁਰਸਕਾਰ, ਡਾ ਕੇਸਰ ਸਿੰਘ ਕੇਸਰ ਯਾਦਗਾਰੀ ਪੁਰਸਕਾਰ ਅਤੇ ਬਲਵਿੰਦਰ ਰਿਸ਼ੀ ਯਾਦਗਾਰੀ ਪੁਰਸਕ-ਾਰ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਮੁੱਖ ਸ਼ਾਇਰ ਤੇ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਡਾ ਸੁਰਜੀਤ ਪਾਤਰ ਨੇ ਕੀਤੀ।

ਵਿਸ਼ੇਸ਼ ਮਹਿਮਾਨਾਂ ਵਿੱਚ ਪ੍ਰੋ ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ, ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ(ਰਜਿਃ) ਡਾ ਲਖਵਿੰਦਰ ਜੌਹਲ ਪ੍ਰਧਾਨ ਕਲਮ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਡਾ ਜਸਵਿੰਦਰ ਸਿੰਘ ਸਾਬਕਾ ਡੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ, ਇਕਬਾਲ ਮਾਹਲ ਟੋਰੰਟੋ, ਡਾ ਸੁਖਦੇਵ ਸਿੰਘ ਸਿਰਸਾ ਤੇ ਕਾਲਿਜ ਪ੍ਰਿੰਸੀਪਲ ਡਾ ਤਰਸੇਮ ਸਿੰਘ ਸ਼ਾਮਿਲ ਹੋਏ।

ਕਲਮ ਦੇ ਜਨਰਲ ਸਕੱਤਰ ਪ੍ਰੋ ਸਿਰਜੀਤ ਜੱਜ ਨੇ ਸਵਾਗਤੀ ਸ਼ਬਦਾਂ ਸਮੇਂ ਕਲਮ ਦੇ 18ਵੇਂ ਸਮਾਗਮ ਦੀ ਰੂਪ ਰੇਖਾ ਦੱਸਦਿਆਂ ਕਿਹਾ ਕਿ ਇਹ ਸੰਸਥਾ ਅਮਰੀਕਾ ਵਾਸੀ ਲੇਖਕਾਂ ਡਾ ਸੁਖਵਿੰਦਰ ਕੰਬੋਜ ਚੇਅਰਮੈਨ ਤੇ ਕੁਲਵਿੰਦਰ ਵਾਈਸ ਚੇਅਰਮੈਨ ਦੀ ਪ੍ਰੇਰਨਾ ਨਾਲ ਸ਼ੁਰੂ ਕੀਤੀ ਗਈ ਸੀ।

ਇਸ ਵਿੱਚ ਹਰ ਸਾਲ ਤਿੰਨ ਲੇਖਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਪਰ ਮਹਾਂਮਾਰੀ ਕਰੋਨਾ ਦੇ ਕਹਿਰ ਕਾਰਨ ਪਿਛਲੇ ਦੋ ਸਾਲ ਸਭ ਸਰਗਰਮੀਆਂ ਠੱਪ ਰਹਿਣ ਕਰਕੇ ਇਸ ਸਾਲ ਦੋ ਸਾਲਾਂ ਦੇ ਪੁਰਸਕਾਰ ਇਕੱਠੇ ਦਿੱਤੇ ਜਾ ਰਹੇ ਹਨ।

ਡਾ ਸੁਖਵਿੰਦਰ ਕੰਬੋਜ ਦੇ ਮਾਣਯੋਗ ਬਾਪੂ ਜੀ ਸ ਜਾਗੀਰ ਸਿੰਘ ਕੰਬੋਜ ਯਾਦਗਾਰੀ ਪੁਰਸਕਾਰ ਲੈਣ ਲਈ ਹਰਭਜਨ ਸਿੰਘ ਹੁੰਦਲ ਦੇ ਸਪੁੱਤਰ ਡਾ ਹਰਪ੍ਰੀਤ ਸਿੰਘ ਹੁੰਦਲ ਪੁੱਜੇ ਜਦ ਕਿ ਡਾ ਆਤਮਜੀਤ ਦੇ ਅਮਰੀਕਾ ਵਿੱਚ ਹੋਣ ਕਰਕੇ ਉਨ੍ਹਾਂ ਦਾ ਪੁਰਸਕਾਰ ਨਾਟਕਕਾਰ ਡਾ ਸਾਹਿਬ ਸਿੰਘ ਮੋਹਾਲੀ ਨੇ ਪ੍ਰਾਪਤ ਕੀਤਾ। ਦੋਹਾਂ ਪ੍ਰਮੁੱਖ ਲੇਖਕਾਂ ਦਾ ਰੀਕਾਰਡਡ ਸੰਦੇਸ਼ ਵੀ ਸਰੋਤਿਆਂ ਨੂੰ ਸੁਣਾਇਆ ਗਿਆ।

ਡਾ ਕੇਸਰ ਸਿੰਘ ਕੇਸਰ ਯਾਦਗਾਰੀ ਪੁਰਸਕਾਰ ਡਾ ਧਨਵੰਤ ਕੌਰ ਤੇ ਡਾ ਭੀਮ ਇੰਦਰ ਸਿੰਘ ਨੇ ਹਾਸਲ ਕੀਤਾ। ਬਲਵਿੰਦਰ ਰਿਸ਼ੀ ਯਾਦਗਾਰੀ ਪੁਰਸਕਾਰ ਡਾ ਨੀਤੂ ਅਰੋੜਾ ਤੇ ਡਾ ਕੁਲਦੀਪ ਸਿੰਘ ਦੀਪ ਨੂੰ ਪ੍ਰਦਾਨ ਕੀਤਾ ਗਿਆ।

ਇਸ ਮੌਕੇ ਸੁਖਵਿੰਦਰ ਕੰਬੋਜ ਦੀ ਰਚਨਾਕਾਰੀ ਬਾਰੇ ਡਾ ਜਸਵਿੰਦਰ ਸਿੰਘ ਵੱਲੋਂ ਸੰਪਾਦਿਤ ਪੁਸਤਕ ਅਤੇ ਡਾ ਨਿਰਮਲਜੀਤ ਕੌਰ ਦੀ ਭਾਸ਼ਾ ਵਿ-ਗਿਆਨ ਬਾਰੇ ਅਨੁਵਾਦ ਕੀਤੀ ਪੁਸਤਕ ਵੀ ਲੋਕ ਅਰਪਨ ਕੀਤੀ ਗਈ।

ਇਸ ਸਮਾਗਮ ਵਿੱਚ ਡਾ ਸੁਰਜੀਤ ਪਾਤਰ, ਦਰਸ਼ਨ ਬੁੱਟਰ, ਗੁਰਭਜਨ ਗਿੱਲ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਦੀਪ ਕਲੇਰ, ਕੁਲਵਿੰਦਰ ਕੁੱਲਾ,ਜਸਵੰਤ ਖਟਕੜ, ਡਾ ਕੁਲਦੀਪ ਸਿੰਘ ਦੀਪ, ਸੁਨੀਲ ਚੰਦਿਆਣਵੀ,ਡਾ ਸ਼ਮਸ਼ੇਰ ਮੋਹੀ ਤੇ ਕੁਲਵਿੰਦਰ ਸ਼ੇਰਗਿੱਲ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਦਾ ਮਨ ਜਿੱਤਿਆ। ਮੰਚ ਸੰਚਾਲਨ ਹਰਵਿੰਦਰ ਭੰਡਾਲ ਨੇ ਕੀਤਾ।

ਡਾ ਸੁਖਦੇਵ ਸਿੰਘ ਸਿਰਸਾ ਨੇ ਸੁਖਵਿੰਦਰ ਕੰਬੋਜ ਦੀ ਸਾਹਿੱਤ ਸਿਰ-ਜਣਾ ਦੇ ਪ੍ਰਸੰਗ ਵਿੱਚ ਸੰਪਾਦਿਤ ਪੁਸਤਕ ਬਾਰੇ ਚਰਚਾ ਕੀਤੀ।

ਡਾ ਸੁਰਜੀਤ ਪਾਤਰ ਨੇ ਪ੍ਰਧਾਨਗੀ ਭਾਸ਼ਨ ਵਿੱਚ ਕਿਹਾ ਕਿ ਕਲਮ ਪੁਰਸਕਾਰਾਂ ਨੇ ਆਪਣਾ ਵਿਸ਼ੇਸ਼ ਆਭਾ ਮੰਡਲ ਕਾਇਮ ਕੀਤਾ ਹੈ, ਇਹ ਵੱਡੀ ਪ੍ਰਾਪਤੀ ਹੈ। ਕਲਮ ਸੰਸਥਾ ਦੇ ਪ੍ਰਧਾਨ ਡਾ ਲਖਵਿੰਦਰ ਜੌਹਲ ਨੇ ਆਏ ਲੇਖਕਾਂ , ਸਨਮਾਨਿਤ ਸ਼ਖਸੀਅਤਾਂ ਤੇ ਪ੍ਰਬੰਧ ਵਿੱਚ ਸ਼ਾਮਿਲ ਧਿਰਾਂ ਦਾ ਧੰਨਵਾਦ ਕੀਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>**Marketing:** | Aman Warraich<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ




ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਰੂਸ-ਯੂਕਰੇਨ ਜੰਗ ਦੌਰਾਨ ਅਮਰੀਕਾ ਦਾ ਦਬਾਅ ਤੇ ਭਾਰਤ ਦੀ ਗੁੱਟ-ਨਿਰਪੱਖਤਾ ਦੀ ਰਿਵਾਇਤ





ਜਤਿੰਦਰ ਪੰਨੂ

ਕਾਫੀ ਲੰਮੇ ਅਰਸੇ ਤੋਂ ਅਸੀਂ ਸੰਸਾਰ ਪੱਧਰ ਦੀ ਹਲਚਲ ਬਾਰੇ ਨਹੀਂ ਲਿਖਿਆ। ਅਸਲ ਵਿੱਚ ਭਾਰਤ ਵਿੱਚ ਵੀ ਤੇ ਸਾਡੇ ਪੰਜਾਬ ਵਿੱਚ ਵੀ ਹਾਲਾਤ ਦੀ ਤੋਰ ਏਨੀ ਤਿੱਖੀ ਬਣੀ ਰਹੀ ਸੀ ਕਿ ਬਾਹਰ ਵੱਲ ਝਾਕਣ ਜਾਂ ਕਦੇ ਝਾਕ ਵੀ ਲਿਆ ਤਾਂ ਉਸ ਬਾਰੇ ਲਿਖਣ ਦਾ ਕੰਮ ਸਾਨੂੰ ਆਪਣੇ ਚੁਫੇਰੇ ਦੇ ਹਾਲਾਤ ਕਾਰਨ ਕਈ ਵਾਰੀ ਟਾਲਣਾ ਪਿਆ। ਪੰਜਾਬ ਵਿਚਲੀ ਹਾਲਤ ਭਾਵੇਂ ਅਜੇ ਵੀ ਉਸ ਪੜਾਅ ਉੱਤੇ ਨਹੀਂ ਪਹੁੰਚੀ ਕਿ ਉਸ ਦੀ ਚਿੰਤਾ ਮਨਾਂ ਤੋਂ ਲਹਿ ਸਕੇ, ਪਰ ਕੁਝ ਕੁ ਸਥਿਤੀ ਏਦਾਂ ਦੀ ਬਣ ਗਈ ਹੈ ਕਿ ਹੋਰਨਾਂ ਮੁੱਦਿਆਂ ਲਈ ਸਮਾਂ ਕੱਢਿਆ ਜਾ ਸਕਦਾ ਹੈ। ਜਦੋਂ ਹੋਰਨਾਂ ਮੁੱਦਿਆਂ ਲਈ ਵਕਤ ਕੱਢੇ ਜਾਣ ਦੀ ਸਥਿਤੀ ਬਣ ਗਈ ਤਾਂ ਅਸੀਂ ਚਲੰਤ ਸਾਲ ਦੇ ਅੰਤਲੇ ਮਹੀਨੇ ਦਸੰਬਰ ਵਿੱਚ ਆ ਰਹੀਆਂ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦੀ ਚਰਚਾ ਵੀ ਛੇੜ ਸਕਦੇ ਹਾਂ, ਪਰ ਉਸ ਚਰਚਾ ਨੂੰ ਹਾਲ ਦੀ ਘੜੀ ਲਾਂਭੇ ਰੱਖਦੇ ਹੋਏ ਅਸੀਂ ਇਸ ਵਾਰੀ ਸੰਸਾਰ ਦੀ ਸਥਿਤੀ ਅਤੇ ਇਸ ਵਿੱਚ ਰੂਸ-ਯੂਕਰੇਨ ਜੰਗ ਨੂੰ ਪਹਿਲਾਂ ਵਿਚਾਰਨਾ ਠੀਕ ਸਮਝਿਆ ਹੈ।

ਰੂਸ-ਯੂਕਰੇਨ ਜੰਗ ਦੀ ਚਰਚਾ ਕਰਨਾ ਇਸ ਵੇਲੇ ਇਸ ਲਈ ਜ਼ਰੂਰੀ ਹੋ ਗਿਆ ਹੈ ਕਿ ਜਿਵੇਂ ਅਮਰੀਕਾ ਤੇ ਉਸ ਦੇ ਪਿਛਲੱਗ ਦੇਸ਼ਾਂ ਨੇ ਸੰਸਾਰ ਦੀ ਹਰ ਪੰਚਾਇਤੀ ਸੱਥ ਵਿੱਚ ਸਿਰਫ ਰੂਸ ਨੂੰ ਜੰਗ ਦਾ ਇਕਲੌਤਾ ਦੋਸ਼ੀ ਦੱਸਣ ਦਾਰਾਗ ਸ਼ੁਰੂ ਕੀਤਾ ਪਿਆ ਹੈ, ਉਹ ਸਾਨੂੰ ਇੱਕਦਮ ਠੀਕ ਨਹੀਂ ਲੱਗਦਾ। ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਅਸੀਂ ਰੂਸ ਦੇ ਜੰਗੀ ਦਾਅ ਨੂੰ ਜਾਇਜ਼ ਮੰਨਦੇ ਹਾਂ, ਏਦਾਂ ਦੀ ਕੋਈ ਗੱਲ ਅਸੀਂ ਕਦੇ ਨਹੀਂ ਕਹਾਂਗੇ, ਪਰ ਇਹ ਕਹਿਣ ਤੋਂ ਸਾਨੂੰ ਕੋਈ ਝਿਜਕ ਨਹੀਂ ਕਿ ਇਸ ਜੰਗ ਦਾ ਇਕਲੌਤਾ ਦੋਸ਼ੀ ਰੂਸ ਨੂੰ ਕਹਿਣਾ ਔਖਾ ਹੈ। ਜਦੋਂ ਅਣਲਿਖੀ ਜਿਹੀ ਸਹਿਮਤੀਚਿਰੋਕਣੀਬਣ ਚੁੱਕੀ ਸੀ ਕਿ ਕਮਿਊਨਿਸਟ ਵਿਰੋਧ ਦੇ ਨਾਂਅ ਬਣਾਈ ਹੋਈ ਨਾਟੋ (ਨਾਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ) ਆਪਣੇ ਭਾਈਬੰਦ ਦੇਸ਼ਾਂ ਦਾ ਵਾਧਾ ਕਰਦਿਆਂ ਰੂਸ ਦੀਆਂ ਜੜ੍ਹਾਂ ਤੱਕ ਨਹੀਂ ਜਾਵੇਗੀ ਤਾਂ ਉਸ ਨੂੰ ਯੂਕਰੇਨ ਨੂੰ ਇਸ ਵਿੱਚ ਸ਼ਾਮਲ ਕਰਨ ਦੀਆਂ ਸੁਰਾਂ ਨਹੀਂ ਸਨ ਕੱਢਣੀਆਂ ਚਾਹੀਦੀਆਂ। ਇਨ੍ਹਾਂ ਸੁਰਾਂ ਦੇ ਕਾਰਨ ਹੀ ਰੂਸ ਵਾਲਿਆਂ ਨੂੰ ਇਹ ਫਿਕਰ ਪਿਆ ਕਿ ਯੂਕਰੇਨ ਜਦੋਂ ਨਾਟੋ ਨਾਲ ਜੁੜੇਗਾ, ਨਾਟੋ ਦੀਆਂ ਫੌਜਾਂ ਸਾਡੇ ਗਵਾਂਢ ਵਿੱਚ ਐਟਮੀ ਮਿਜ਼ਾਈਲਾਂ ਬੀੜਨਗੀਆਂ, ਇਸ ਲਈ ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਨ ਦਾ ਰਾਹ ਰੋਕਿਆ ਜਾਵੇ। ਵਾਰ-ਵਾਰ ਕਹਿਣ ਦੇ ਬਾਵਜੂਦ ਨਾ ਤਾਂ ਨਾਟੋ ਵਾਲਿਆਂ ਨੇ ਇਸ ਚਾਲ ਤੋਂ ਪੈਰ ਪਿੱਛੇ ਖਿੱਚਿਆ ਅਤੇ ਨਾ ਯੂਕਰੇਨ ਦੇ ਰਾਸ਼ਟਰਪਤੀ ਨੇ ਏਦਾਂ ਕਰਨ ਦਾ ਖੰਡਨ ਕੀਤਾ, ਪਰ ਜਦੋਂ ਉਹ ਰੂਸ ਨਾਲ ਜੰਗ ਵਿੱਚ ਫਸ ਗਿਆ ਤੇ ਨਾਟੋ ਵਾਲਿਆਂ ਨੇ ਆਪਣਾ ਪੱਲਾ ਬਚਾ ਕੇ ਰੂਸ ਦੇ ਨਾਲ ਜੰਗ ਵਿੱਚ ਉਸ ਦਾ ਦੂਰੋਂ ਸਾਥ ਦੇਣ ਦੀਆਂ ਗੱਲਾਂ ਕਹੀਆਂ ਤਾਂ ਉਹ ਬੋਲੀ ਬਦਲ ਗਿਆ। ਪਿਛਲੇ ਹਫਤੇ ਤੋਂ ਉਹ ਕਹਿਣ ਲੱਗ ਪਿਆ ਕਿ ਨਾਟੋ ਵਾਲੇ ਡਰਾਕਲ ਹਨ, ਜਿਹੜੇ ਰੂਸ ਤੋਂ ਡਰੀ ਜਾ ਰਹੇ ਹਨ, ਅਸੀਂ ਉਨ੍ਹਾਂ ਦੀ ਮੈਂਬਰੀ ਲੈਣ ਦੀ ਲੋੜ ਨਹੀਂ ਸਮਝਦੇ। ਜੇ ਏਨੀ ਗੱਲ ਕੁਝ ਚਿਰ ਪਹਿਲਾਂ ਕਹੀ ਹੁੰਦੀ ਤਾਂ ਸ਼ਾਇਦ ਜੰਗ ਹੀ ਨਹੀਂ ਸੀ ਲੱਗਣੀ। ਫਿਰ ਵੀ ਹਾਲਾਤ ਬਾਰੇ ਇਸ ਵਿਆਖਿਆ ਦਾ ਇਹ ਮਤਲਬ ਨਹੀਂ ਕਿ ਰੂਸ ਵੱਲੋਂ ਹਮਲਾ ਕਰਨਾ ਠੀਕ ਸੀ, ਕੀਤਾ ਰੂਸ ਨੇ ਗਲਤ ਹੀ ਹੈ।

ਇਹ ਬਿਲਕੁਲ ਠੀਕ ਹੈ ਕਿ ਹਾਲਾਤ ਜੋ ਵੀ ਸਨ, ਰੂਸ ਨੇ ਹਮਲਾ ਕਰ ਕੇ ਗਲਤ ਕੀਤਾ ਸੀ, ਪਰ ਅਮਰੀਕਾ ਅਤੇ ਉਸ ਦੇ ਸਾਥੀਆਂ ਦਾ ਇਸ ਜੰਗ ਦੇ ਪਹਿਲੇ ਦਿਨ ਤੋਂ ਜੋ ਰੋਲ ਸੀ, ਉਹ ਵੀ ਜੰਗ ਰੋਕਣ ਲਈ ਕੁਝ ਕਰਨ ਦੀ ਥਾਂ ਬਲਦੀ ਉੱਤੇ ਤੇਲ ਪਾਉਣ ਵਾਲਾ ਸੀ। ਆਪ ਉਹ ਜੰਗ ਵਿੱਚ ਕੁੱਦਣ ਤੋਂ ਬਚਦੇ ਰਹੇ ਤੇ ਜਦੋਂ ਰੂਸ ਨੇ ਸਾਫ ਆਖਿਆ ਕਿ ਜੇ ਉਹ ਜੰਗ ਵਿੱਚ ਆਏ ਤਾਂ ਲੜਾਈ ਸਿਰਫ ਯੂਕਰੇਨ ਤੱਕ ਸੀਮਤ ਨਹੀਂ ਰਹਿਣੀ ਤਾਂ ਬਿਲਕੁਲ ਯਰਕ ਗਏ ਅਤੇ ਪਰਦੇ ਪਿੱਛੋਂ ਜੰਗ ਲਈ ਯੂਕਰੇਨ ਨੂੰ ਮਦਦ ਭੇਜਦੇ ਰਹੇ, ਪਰ ਇਸ ਮੌਕੇ ਉਨ੍ਹਾਂ ਨੇ ਰੂਸ ਵਿਰੁੱਧ ਕਈ ਮੋਰਚੇ ਹੋਰ ਖੋਲ੍ਹਣ ਵਾਲਾ ਕੰਮ ਆਰੰਭ ਕਰ ਦਿੱਤਾ। ਪਹਿਲਾ ਇਹ ਕੀਤਾ ਕਿ ਆਪਣੇ ਦੇਸ਼ ਵੱਲੋਂ ਵੀ ਅਤੇ ਆਪਣੇ ਪਿਛਲੱਗ ਦੇਸ਼ਾਂ ਵੱਲੋਂ ਵੀ ਰੂਸ ਵਿਰੁੱਧ ਪਾਬੰਦੀਆਂ ਲਵਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਗੋਂ ਰੂਸ ਨੇ ਵੀ ਪਾਬੰਦੀਆਂ ਲਾ ਦਿੱਤੀਆਂ। ਫਿਰ ਅਮਰੀਕਾ ਸੰਸਾਰ ਸੱਥ ਯੂ ਐੱਨ ਓ ਦੇ ਵੱਖ-ਵੱਖ ਫੋਰਮਾਂ ਵਿੱਚ ਰੂਸ ਦੇ ਖਿਲਾਫ ਮਤੇ ਪਾਸ ਕਰਵਾਉਣ ਤੁਰ ਪਿਆ ਅਤੇ ਏਥੇ ਆ ਕੇ ਇੱਕ ਕੰਮ ਹੋਰ ਕੀਤਾ, ਜਿਸ ਦਾ ਅਮਰੀਕਾ ਦਾ ਪਿਛਲਾ ਇਤਹਾਸ ਸੀ, ਪਰ ਕਾਫੀ ਲੰਮੇ ਸਮੇਂ ਤੋਂ ਏਦਾਂ ਦੀ ਬਾਕਾਇਦਾ ਮੁਹਿੰਮ ਉਸ ਨੇ ਨਹੀਂ ਸੀ ਚਲਾਈਅਤੇ ਇਸ ਨਾਲ ਉਹ ਭਾਰਤ ਨੂੰ ਵੀ ਵਿਵਾਦ ਵਿੱਚ ਫਸਾਉਣ ਲੱਗ ਪਿਆ।

ਸਾਨੂੰ ਯਾਦ ਹੈ ਕਿ ਜਦੋਂ ਅਫਗਾਨਿਸਤਾਨ ਵਿੱਚ ਅਮਰੀਕਾ ਨੇ ਜੰਗ ਲੜਨੀ ਸੀ ਤਾਂ ਉਸ ਦੇ ਰਾਸ਼ਟਰਪਤੀ ਜਾਰਜ ਬੁੱਸ਼ ਜੂਨੀਅਰ ਨੇ ਆਖਿਆ ਸੀ ਕਿ ਕੋਈ ਨਿਰਪੱਖ ਨਹੀਂ ਗਿਣਿਆ ਜਾਵੇਗਾ, ਜਿਹੜਾ ਕੋਈ ਸਾਡੇ ਨਾਲ ਨਹੀਂ ਖੜੋਵੇਗਾ, ਉਹ ਦੁਸ਼ਮਣ ਨਾਲ ਮੰਨਿਆ ਜਾਵੇਗਾ। ਵੀਹ ਸਾਲਾਂ ਬਾਅਦ ਓਸੇ ਦੁਸ਼ਮਣ ਤਾਲਿਬਾਨ ਨਾਲ ਉਸ ਨੇ ਜਦੋਂ ਸਮਝੌਤਾ ਕੀਤਾ ਤਾਂ ਸਾਥੀ ਦੇਸ਼ਾਂ ਨੂੰ ਪੁੱਛਿਆ ਵੀ ਨਹੀਂ। ਦੁਨੀਆ ਅਮਰੀਕਾ ਦੀਆਂ ਕੂਟਨੀਤਕ ਲੋੜਾਂ ਵਾਲੇ ਪਾਵੇ ਨਾਲ ਨਹੀਂ ਬੱਝ ਸਕਦੀ, ਹਰ ਖੁਦ-ਮੁਖਤਿਆਰ ਦੇਸ਼ ਨੂੰ ਆਪਣੀ ਨੀਤੀ ਮੁਤਾਬਕ ਚੱਲਣ ਦਾ ਹੱਕ ਹੈ। ਉਸ ਵਕਤ ਭਾਰਤ ਦੀ ਅਗਵਾਈ ਕਰ ਰਹੇ ਅਟਲ ਬਿਹਾਰੀ ਵਾਜਪਾਈ ਨੇ ਇੱਕ ਪਲ ਲਾਏ ਬਿਨਾਂ ਅਮਰੀਕਾ ਨਾਲ ਖੜੋਣ ਦਾ ਐਲਾਨ ਕਰ ਕੇ ਠੀਕ ਨਹੀਂ ਸੀ ਕੀਤਾ, ਪਰ ਇਸ ਵਾਰੀ ਜਦੋਂ ਰੂਸ ਦੇ ਖਿਲਾਫ ਅਮਰੀਕਾ ਨੇ ਇਹੋ ਜਿਹੀ ਮੁਹਿੰਮ ਚਲਾਈ ਹੈ ਤਾਂ ਭਾਰਤ ਦੀ ਮੌਜੂਦਾ ਸਰਕਾਰ ਨੇ ਆਮ ਕਰ ਕੇ ਲਗਾਤਾਰ ਠੀਕ ਪੈਂਤੜਾ ਲਿਆ ਹੈ। ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਜਿਸ ਯੂਕਰੇਨ ਨਾਲ ਜੁੜਿਆ ਹੈ, ਉਸ ਦੀ ਸਰਕਾਰ ਦੀ ਨਾਰਾਜ਼ਗੀ ਵੀ ਸਹੇੜ ਲਈ ਤੇ ਅਮਰੀਕੀ ਸਰਕਾਰ ਦਾ ਬੋਲ-ਕੁਬੋਲ ਵੀ ਸਹਾਰਨ ਦੀ ਕੌੜੀ ਗੋਲੀ ਚੱਬ ਲਈ, ਪਰ ਗੁੱਟ-ਨਿਰਪੱਖਤਾ ਦਾ ਪੱਲਾ ਨਹੀਂ ਛੱਡਿਆ। ਜਦੋਂ ਵੀ ਤੇ ਜਿਸ ਵੀ ਸੰਸਾਰ ਪੱਧਰ ਦੇ ਫੋਰਮ ਵਿੱਚ ਰੂਸ-ਯੂਕਰੇਨ ਮੁੱਦੇ ਉੱਤੇ ਵੋਟਾਂ ਪੈਣ ਲੱਗੀਆਂ, ਵੱਡੀ ਬਹੁ-ਗਿਣਤੀਦੇਸ਼ ਅਮਰੀਕਾ ਨਾਲ ਖੜੇ ਵੇਖਣ ਦੇ ਬਾਵਜੂਦ ਭਾਰਤ ਸਰਕਾਰ ਇੱਕੋ ਰੱਟ ਲਾਈ ਗਈ ਕਿ ਜੰਗ ਦੇ ਖਾਤਮੇ ਤੇ ਅਮਨ ਦੀ ਕਾਇਮੀ ਲਈ ਡਿਪਲੋਮੇਸੀ ਵਰਤਣੀ ਚਾਹੀਦੀ ਹੈ, ਇਹੋ ਜਿਹਾ ਪਾਬੰਦੀਆਂ ਲਾਉਣ ਦਾ ਰਾਹ ਕੋਈ ਹੱਲ ਨਹੀਂ ਕੱਢ ਸਕਦਾ। ਇਸ ਦੇ ਬਾਅਦ ਭਾਰਤ ਆਮ ਕਰ ਕੇ ਹਰ ਮੌਕੇ ਵੋਟਿੰਗ ਵਿੱਚ ਕਿਸੇ ਪਾਸੇ ਖੜੇ ਹੋਣ ਤੋਂ ਸਿਰ ਫੇਰ ਦੇਂਦਾਰਿਹਾ ਅਤੇ ਠੀਕ ਕਰਦਾ ਰਿਹਾ।

ਭਾਰਤ ਦੀ ਇੱਕ ਸ਼ਾਨਦਾਰ ਵਿਰਾਸਤ ਹੈ ਅਤੇ ਰਿਵਾਇਤ ਵੀ। ਕਿਸੇ ਵੇਲੇ ਸੰਸਾਰ ਵਿੱਚ ਜਦੋਂ ਕਮਿਊਨਿਸਟ ਅਤੇ ਗੈਰ-ਕਮਿਊਨਿਸਟ ਦੇ ਦੋ ਗਰੁੱਪ ਨਾਟੋ ਅਤੇ ਵਾਰਸਾ-ਪੈਕਟ ਦੀਆਂ ਦੋ ਧਿਰਾਂ ਸੀਤ-ਯੁੱਧ ਵਾਲੇ ਦੌਰ ਵਿੱਚ ਸਾਰੇ ਸੰਸਾਰ ਨੂੰ ਤੀਸਰੀ ਸੰਸਾਰ ਜੰਗ ਲੱਗਣ ਦਾ ਖਤਰਾ ਵਿਖਾ ਰਹੀਆਂ ਸਨ, ਭਾਰਤ ਉਸ ਵੇਲੇ ਤੀਸਰੀ ਧਿਰ; ਗੁੱਟ- ਨਿਰਪੱਖ ਧੜੇ ਦੇ ਪਹਿਲੇ ਆਗੂਆਂ ਵਿੱਚੋਂ ਜਾਣਿਆ ਗਿਆ ਸੀ। ਯੁਗੋਸਲਾਵੀਆ ਦੀ ਰਾਜਧਾਨੀ ਬੈਲਗਰੇਡ ਵਿੱਚ ਇਸ ਮਕਸਦ ਲਈ ਜਦੋਂ ਪਹਿਲੀ ਕਾਨਫਰੰਸ ਕੀਤੀ ਗਈ ਅਤੇ ਉਸ ਵਿੱਚ ਗੁੱਟ-ਨਿਰਪੱਖਤਾ ਦੀ ਲਹਿਰ ਦਾ ਮੁੱਢ ਬੰਨ੍ਹਿਆ ਸੀ, ਉਸ ਵਿੱਚ ਪਹਿਲੇ ਪੰਜ ਆਗੂਆਂ ਵਿੱਚ ਭਾਰਤ ਦਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਸ਼ਾਮਲ ਸੀ। ਬਾਕੀ ਚਾਰ ਪ੍ਰਮੁੱਖ ਲੀਡਰਾਂ ਵਿੱਚ ਪਹਿਲਾ ਆਗੂ ਕਾਨਫਰੰਸ ਕਰਵਾ ਰਹੇ ਦੇਸ਼ ਯੁਗੋਸਲਾਵੀਆ ਦਾ ਰਾਸ਼ਟਰਪਤੀ ਜੋਜ਼ਫ ਬਰੋਜ਼ ਟੀਟੋ ਸੀ ਤੇ ਉਸ ਦੇ ਨਾਲ ਮਿਸਰ ਦਾ ਰਾਸ਼ਟਰਪਤੀ ਜਮਾਲ ਅਬਦੁਲ ਨਾਸਰ ਅਤੇ ਇੰਡੋਨੇਸ਼ੀਆ ਦਾ ਰਾਸ਼ਟਰਪਤੀ ਸੁਕਾਰਨੋ ਵੀ ਸਨ। ਘਾਨਾ ਵਰਗੇ ਛੋਟੇ ਦੇਸ਼ ਦਾ ਰਾਸ਼ਟਰਪਤੀ ਕਵਾਂਮੇ ਨਕਰੂਮਾਹ ਵੀ ਉਨ੍ਹਾਂ ਨਾਲ ਸੀ, ਪਰ ਉਸ ਦੀ ਬਹੁਤੀ ਚਰਚਾ ਨਹੀਂ ਹੁੰਦੀ, ਕਿਉਂਕਿ ਉਸ ਦੇ ਆਪਣੇ ਦੇਸ਼ ਦੇ ਹਾਲਾਤ ਕਾਰਨ ਉਸ ਨੂੰ ਵੱਧ ਧਿਆਨ ਆਪਣੇ ਦੇਸ਼ ਵਿੱਚ ਦੇਣਾ ਪੈਂਦਾ ਸੀ।

ਜਿਹੜਾ ਭਾਰਤ ਕਿਸੇ ਸਮੇਂ ਅਮਨ ਦੀ ਘੁੱਗੀ ਉਡਾਉਣ ਵਾਲੀ ਗੁੱਟ-ਨਿਰਪੱਖ ਲਹਿਰ ਦਾ ਮੋਢੀ ਹੁੰਦਾ ਸੀ, ਵਕਤ ਦੇ ਨਾਲ ਜਦੋਂ ਰੂਸ ਵਿੱਚ ਕਮਿਊਨਿਸਟ ਰਾਜ ਦਾ ਭੋਗ ਪੈ ਗਿਆ, ਉਸ ਦੇ ਬਾਅਦ ਵੀ ਭਾਰਤ ਦੀਆਂ ਸਰਕਾਰਾਂ ਆਮ ਕਰ ਕੇ ਉਸ ਪੁਰਾਣੀ ਰਿਵਾਇਤ ਦੀ ਪਾਲਣਾ ਕਰਦੀਆਂ ਰਹੀਆਂ। ਇਸ ਵਾਰੀ ਜਦੋਂ ਰੂਸ-ਯੂਕਰੇਨ ਦਾ ਪੇਚਾ ਪਿਆ ਤਾਂ ਭਾਰਤ ਨੇ ਫਿਰ ਕਈ ਕਾਰਨਾਂ ਕਰ ਕੇ ਦੋਵਾਂ ਵਿਚਾਲੇ ਨਿਰਪੱਖ ਰਹਿ ਕੇ ਸਾਂਝੇ ਪੰਚਾਇਤੀਏ ਦਾ ਰਾਹ ਫੜਿਆ। ਰੂਸ ਦਾ ਵਿਦੇਸ਼ ਮੰਤਰੀ ਪਿਛਲੇ ਹਫਤੇ ਭਾਰਤ ਆਇਆ ਤਾਂ ਉਸ ਨੂੰ ਸਵਾਲ ਪੁੱਛਿਆ ਗਿਆ ਕਿ ਭਾਰਤ ਤੁਹਾਡੇ ਨਾਲ ਨਹੀਂ ਖੜਾ ਹੋਣ ਤੋਂ ਕਿਉਂ ਝਿਜਕਦਾ ਹੈ ਤਾਂ ਉਸ ਨੇ ਕਿਹਾ ਸੀ ਕਿ ਭਾਰਤ ਦੀ ਇੱਕ ਆਪਣੀ ਆਜ਼ਾਦ ਨੀਤੀ ਅਤੇ ਆਜ਼ਾਦ ਹਸਤੀ ਹੈ ਅਤੇ ਅਸੀਂ ਇਸ ਦੇਸ਼ ਦੀ ਇਸ ਨੀਤੀ ਦਾ ਸਤਿਕਾਰ ਕਰਦੇ ਹਾਂ। ਦੂਸਰੇ ਪਾਸੇ ਅਮਰੀਕਾ ਵਾਲਿਆਂ ਨੂੰ ਕਿਸੇ ਨੇ ਪੁੱਛਿਆ ਵੀ ਨਾ ਹੋਵੇ ਤਾਂ ਇੱਕੋ ਗੱਲ ਕਹੀ ਜਾਂਦੇ ਹਨ ਕਿ ਭਾਰਤ ਨੂੰ ਰੂਸ ਦੀ ਦੋਸਤੀ ਮਹਿੰਗੀ ਪੈ ਸਕਦੀ ਹੈ, ਉਸ ਨੂੰ ਇਸ ਮੌਕੇ ਸਾਡੇ ਨਾਲ ਖੜੇ ਹੋ ਕੇ ਰੂਸ ਦਾ ਵਿਰੋਧ ਕਰਨ ਦੀ ਨੀਤੀ ਵਰਤਣੀ ਚਾਹੀਦੀ ਹੈ। ਇਹੋ ਗੱਲ ਭਾਰਤ ਵੀ ਪੁੱਛ ਸਕਦਾ ਹੈ ਕਿ ਜਦੋਂ ਭਾਰਤ ਦੇ ਵਿਰੁੱਧ ਯੂ ਐੱਨ ਓ ਵਿੱਚ ਮਤੇ ਪਾਸ ਹੁੰਦੇ ਸਨ, ਅਮਰੀਕਾ ਭਾਰਤ ਨਾਲ ਖੜਾ ਕਿਉਂ ਨਹੀਂ ਸੀ ਹੁੰਦਾ ਤੇ ਹਰ ਵਾਰੀ ਭਾਰਤ ਦੇ ਵਿਰੁੱਧ ਪਾਕਿਸਤਾਨ ਨਾਲ ਖੜਾ ਕਿਉਂ ਹੁੰਦਾ ਸੀ? ਅਮਰੀਕਾ ਦੀ ਨੀਤੀ ਉਂਜ ਵੀ ਹਰ ਕਿਸੇ ਦੀ ਸਮਝਵਿੱਚ ਪੈਣ ਵਾਲੀ ਨਹੀਂ, ਇਹ ਕੰਧ ਉੱਤੇ ਲੱਗੇ ਕਲਾਕ ਦੇ ਪੈਂਡਲਮ ਵਾਂਗ ਖੱਬੇ-ਸੱਜੇ ਵੱਲ ਝੂਲਦੀ ਹੋਣ ਕਰ ਕੇ ਯਕੀਨ ਨਹੀਂ ਹੁੰਦਾ ਕਿ ਜਿਨ੍ਹਾਂ ਨਾਲ ਅਮਰੀਕਾ ਅੱਜ ਖੜਾ ਹੈ, ਜਾਂ ਉਨ੍ਹਾਂ ਨੂੰ ਆਪਣੇ ਨਾਲ ਲਾਈ ਫਿਰਦਾ ਹੈ, ਉਹ ਭਲਕੇ ਉਨ੍ਹਾਂ ਨਾਲ ਖੜਾ ਰਹੇਗਾ। ਪਾਕਿਸਤਾਨ ਨੂੰ ਵਰਤ ਕੇ ਪਰੇ ਧੱਕ ਦੇਣ ਵਾਂਗ ਏਸੇ ਤਰ੍ਹਾਂ ਹਰ ਕਿਸੇ ਨਾਲ ਕਰ ਸਕਦਾ ਹੈ।

ਕਿਸੇ ਵੀ ਦੇਸ਼ ਵਿੱਚ ਏਦਾਂ ਕਦੇ ਨਹੀਂ ਹੁੰਦਾ ਕਿ ਸਾਰੇ ਲੋਕ ਆਪਣੇ ਦੇਸ਼ ਦੇ ਮੁਖੀ ਦੀ ਹਮਾਇਤ ਹੀ ਕਰਦੇ ਹੋਣ, ਭਾਰਤ ਵਿੱਚ ਵੀ ਨਹੀਂ। ਹਰ ਹੋਰ ਦੇਸ਼ ਵਾਂਗ ਭਾਰਤ ਵਿੱਚ ਵੀ ਰਾਜਨੀਤਕ ਤੇ ਵਿਚਾਰਧਾਰਕ ਮੱਤਭੇਦਾਂ ਏਨੇ ਕੁ ਹਨ ਕਿ ਗਿਣੇ ਨਹੀਂ ਜਾ ਸਕਦੇ। ਇਸ ਕਰ ਕੇ ਵਿਰੋਧੀ ਪਾਰਟੀਆਂ ਧਿਰਾਂ ਨੂੰ ਪ੍ਰਧਾਨ ਮੰਤਰੀ ਦਾ ਵਿਰੋਧ ਬੜੀ ਵਾਰ ਕਰਨਾ ਪੈਂਦਾ ਹੈ ਤੇ ਉਹ ਆਪਣੇ ਇਸ ਲੋਕਤੰਤਰੀ ਹੱਕ ਨੂੰ ਵਰਤਦੀਆਂ ਹਨ, ਪਰ ਭਾਰਤ ਦੀ ਇੱਕ ਪੁਰਾਣੀ ਰਿਵ-ਾਇਤ ਇਹ ਹੈ ਕਿ ਉਸ ਦੇ ਅੰਦਰੂਨੀ ਮੱਤਭੇਦ ਵਿਦੇਸ਼ੀ ਮਾਮਲਿਆਂ ਵਿੱਚ ਕਦੇ ਹੱਦਾਂ ਨਹੀਂ ਟੱਪਦੇ। ਮਰਿਆਦਾ ਦਾ ਖਿਆਲ ਰੱਖਿਆ ਜਾਂਦਾ ਰਿਹਾ ਹੈ ਅਤੇ ਉਹ ਮਰਿਆਦਾ ਇਸ ਵੇਲੇ ਵੀ ਕਾਇਮ ਹੈ। ਰੂਸ ਅਤੇ ਯੂਕਰੇਨ ਦੀ ਜੰਗ ਦੇ ਮੁੱਦੇ ਤੋਂ ਕੋਈ ਖਾਸ ਮੱਤਭੇਦ ਭਾਰਤ ਵਿੱਚ ਨਹੀਂ ਉੱਭਰਿਆ, ਸਗੋਂ ਸਾਰੀਆਂ ਧਿਰਾਂ ਨੇ ਗੁੱਟਾਂ ਤੋਂ ਨਿਰਪੱਖ ਰਹਿ ਕੇ ਅਮਨ ਦੇ ਲਈ ਯਤਨ ਜਾਰੀ ਰੱਖਣ ਦਾ ਪੱਖ ਲਿਆ ਹੈ। ਠੀਕ ਨੀਤੀ ਵੀ ਇਹ ਹੀ ਹੈ, ਜਿਹੜੀ ਭਾਰਤ ਨੇ ਕਈ ਦਹਾਕਿਆਂ ਤੋਂ ਅਪਣਾ ਰੱਖੀ ਹੈ ਤੇ ਇਸ ਗੱਲ ਲਈ ਦੇਸ਼ ਦੇ ਸਾਰੇ ਲੋਕਾਂ ਨੂੰ ਸਹਿਮਤ ਹੋਣਾ ਚਾਹੀਦਾ ਹੈ ਕਿ ਭਵਿੱਖ ਵਿੱਚ ਵੀ ਗੁੱਟ-ਨਿਰਪੱਖਤਾ ਵਾਲੀ ਇਸ ਨੀਤੀ ਉੱਤੇ ਭਾਰਤ ਏਸੇ ਤਰ੍ਹਾਂ ਪਹਿਰਾ ਦੇਂਦਾ ਰਹੇ, ਇਸ ਨਾਲ ਸੰਸਾਰ ਸੱਥ ਵਿੱਚ ਸਤਿਕਾਰ ਵਧਦਾ ਰਹੇਗਾ।

# ਚੰਡੀਗੜ੍ਹ ਦਾ ਮੁੱਦਾ ਮਿਲ-ਬੈਠ ਕੇ ਹੱਲ ਕਰੋ

-ਜਗਤਾਰ ਸਮਾਲਸਰ-



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਐਲਾਨ ਤੋਂ ਬਾਅਦ ਕੇਂਦਰ ਸਰਕਾਰ ਨੇ ਚੰਡੀਗੜ੍ਹ ਦੇ ਕਰਮਚਾਰੀਆਂ ਲਈ ਕੇਂਦਰ ਸਰਕਾਰ ਦੇ ਨਿਯਮ ਲਾਗੂ ਕਰ ਦਿੱਤੇ ਹਨ। ਇਸ ਦਾ ਨੋਟੀਫਿਕੇਸ਼ਨ ਜਾਰੀ ਹੋ ਗਿਆ ਹੈ। ਇਸ ਨੋਟੀਫਿਕੇਸ਼ਨ ਨਾਲ ਚੰਡੀਗੜ੍ਹ ਵਿੱਚ ਲਗਭਗ 22 ਹਜ਼ਾਰ ਮੁਲਾਜ਼ਮ ਕੇਂਦਰ ਦੇ ਨਿਯਮਾਂ ਹੇਠ ਆਏ ਹਨ। ਪਹਿਲਾਂ ਚੰਡੀਗੜ੍ਹ ਦੇ ਸੱਠ ਫੀਸਦੀ ਕਰਮਚਾਰੀ ਪੰਜਾਬ ਸਰਕਾਰ ਦੇ ਨਿਯਮਾਂ ਹੇਠ ਸਨ, ਚਾਲੀ ਫੀਸਦੀ ਹਰਿਆਣਾ ਸਰਕਾਰ ਦੇ ਹੇਠ ਸਨ,ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਨਾਲ ਚੰਡੀਗੜ੍ਹ ਦੇ 22000 ਸਰਕਾਰੀ ਕਰਮਚਾਰੀ ਕੇਂਦਰੀ ਸਟਾਫ ਹੋ ਗਏ ਹਨ।

ਨਵੇਂ ਨਿਯਮਾਂ ਹੇਠ ਗਰੁੱਪ ਏ, ਬੀ ਅਤੇ ਸੀ ਗਰੇਡ ਦੇ ਕਰਮਚਾਰੀਆਂ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਤੋਂ ਵੱਧ ਕੇ ਸੱਠ ਹੋ ਗਈ ਹੈ, ਚੌਥਾ ਦਰਜਾ ਕਰਮਚਾਰੀਆਂ ਵਿੱਚ ਰਿਟਾਇਰਮੈਂਟ ਦੀ ਉਮਰ ਸੱਠ ਤੋਂ 62 ਸਾਲ ਹੋ ਗਈ ਹੈ। ਚੰਡੀਗੜ੍ਹ ਉੱਤੇਅੱਜ ਤੱਕ ਪੰਜਾਬ ਤੇ ਹਰਿਆਣਾ ਆਪੋ-ਆਪਣਾ ਦਾਅਵਾ ਕਰਦੇ ਆਏ ਹਨ, ਪਰ ਇਸ ਕੇਂਦਰੀ ਫਰਮਾਨ ਨੇ ਦੋਵਾਂ ਰਾਜਾਂ ਦੀ ਸਿਆਸਤ ਵਿਚ ਤੂਫਾਨ ਲਿਆ ਦਿੱਤਾ ਹੈ। ਪੰਜਾਬ ਦੀ ਹਾਕਮ ਧਿਰ ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਦਲ ਨੇ ਵੀ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਪੁਰਜ਼ੋਰ ਵਿਰੋਧ ਕੀਤਾ ਹੈ ਤੇ ਆਮ ਆਦਮੀ ਪਾਰਟੀ ਨੇ ਚੰਡੀਗੜ੍ਹ ਤੁਰੰਤ ਪੰਜਾਬ ਹਵਾਲੇ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਇੱਕ ਅਪ੍ਰੈਲ ਨੂੰ ਮਤਾ ਵੀ ਪਾਸ ਕਰਾਇਆ ਹੈ, ਪਰ ਚੰਡੀਗੜ੍ਹ ਦੀ ਗੱਲ ਕਰਦਿਆਂ ਹੀ ਪੰਜਾਬ ਦੇ ਨਾਲ ਹਰਿਆਣਾ ਵਿੱਚ ਵੀ ਸਿਆਸਤ ਪੂਰੀ ਤਰ੍ਹਾਂ ਗਰਮ ਹੋ ਗਈ ਹੈ। ਹਰਿਆਣਾ ਵਿੱਚ ਸੱਤਾਧਾਰੀ ਗੱਠਜੋੜ ਦੇ ਨਾਲ ਕਾਂਗਰਸ ਅਤੇ ਇਨੈਲੋ ਪਾਰਟੀ ਨੇ ਵੀ ਪੰਜਾਬ ਦੀ ਇਸ ਮੰਗ ਦਾ ਪੁਰਜ਼ੋਰ ਵਿਰੋਧ ਸ਼ੁਰੂ ਕਰ ਦਿੱਤਾ ਹੈ। ਇਸ ਲਈ ਹਰਿਆਣਾ ਸਰਕਾਰ ਨੇ ਪੰਜ ਅਪਰੈਲ ਨੂੰ ਇੱਕ ਦਿਨ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਜਿੱਥੇ ਪੰਜਾਬ ਦੀ ਇਸ ਮੰਗ ਨੂੰ ਰੱਦ ਕੀਤਾ ਅਤੇ ਪੰਜਾਬ-ਹਰਿਆਣਾ ਦੇ ਹੋਰ ਮੁੱਦਿਆਂ ਨੂੰ ਵੀ ਗੰਭੀਰਤਾ ਨਾਲ ਹੱਲ ਕਰਨ ਦੀ ਗੱਲ ਆਖੀ ਹੈ। ਪੰਜਾਬ ਵਾਂਗ ਹੀ ਇਸ ਮੁੱਦੇ ਉੱਤੇ ਹਰਿਆਣਾ ਦੀ ਸਾਰੀਆਂ ਸਿਆਸੀ ਪਾਰਟੀਆਂ ਇਕਜੁੱਟ ਨਜ਼ਰ ਆਈਆਂ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਪਹਿਲਾਂ ਵੀ ਕਈ ਵਾਰ ਚੰਡੀਗੜ੍ਹ ਉੱਤੇ ਪੰਜਾਬ ਦੇ ਹੱਕ ਦਾ ਮਤਾ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਹੈ। ਪੰਜਾਬ ਸਰਕਾਰ ਦਾ ਤਰਕ ਹੈ ਕਿ ਕੇਂਦਰ ਸਰਕਾਰ ਚੰਡੀਗੜ੍ਹ ਬਾਰੇ ਪੰਜਾਬ-ਹਰਿਆਣਾ ਵਿਚਕਾਰ ਬਣੇ ਸੰਤੁਲਨ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧ ਬੋਰਡ ਵਿੱਚ ਪੰਜਾਬ-ਹਰਿਆਣਾ ਦੀ ਪੱਕੀ ਮੈਂਬਰੀ ਖਤਮ ਕਰ ਕੇ ਪੰਜਾਬ ਅਤੇ ਹਰਿਆਣਾ ਦਾ ਹੱਕ ਖੋਹ ਲਿਆ ਹੈ। ਫਿਰ ਚੰਡੀਗੜ੍ਹ ਦੇ ਕਰੀਬ 22 ਹਜ਼ਾਰ ਕਰਮਚਾਰੀ ਨੇਕੇਂਦਰ ਸਰਕਾਰ ਵੱਲੋਂ ਆਪਣੇ ਨਿਯਮਾਂ ਕਰ ਲਏ ਹਨ।

ਦਰਅਸਲ 1947 ਵਿੱਚ ਜਦੋਂ ਭਾਰਤ-ਪਾਕਿਸਤਾਨ ਦੀ ਵੰਡ ਹੋਈ ਤਾਂ ਮਹ-ਪੰਜਾਬ ਦਾ ਕਾਫੀ ਹਿੱਸਾ ਪਾਕਿ-ਸਤਾਨ ਵਿੱਚ ਚਲਾ ਗਿਆ। ਵੰਡ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਧਾਨੀ ਲਾਹੌਰ ਸੀ, ਪਰ ਵੰਡ ਦੌਰਾਨ ਲਾਹੌਰ ਪਾਕਿਸਤਾਨ ਵਿੱਚ ਜਾਣ ਕਾਰਨ ਪੰਜਾਬ ਨੂੰ ਨਵੀਂ ਰਾਜਧਾਨੀ ਬਣਾਉਣ ਦੀ ਲੋੜ ਪਈ। ਓਦੋਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਸੰਨ 1948 ਵਿੱਚ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਦੀ ਚੋਣ ਕੀਤੀ। ਕਾਫੀ ਵਿਚਾਰ ਪਿੱਛੋਂ ਵਿਉਂਤਬੱਧ ਤਰੀਕੇ ਨਾਲ ਚੰਡੀਗੜ੍ਹ ਵਸਾ ਕੇ ਸੱਤ ਅਕਤੂਬਰ 1953 ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਨੇ ਇਸ ਦਾ ਰਸਮੀ ਉਦਘਾਟਨ ਕੀਤਾ, ਪਰ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ 1966 ਵਿੱਚ ਭਾਸ਼ਾਈ ਆਧਾਰ ਉੱਤੇ ਹਰਿਆਣਾ ਨੂੰ ਪੰਜਾਬ ਤੋਂ ਵੱਖ ਕਰ ਕੇ ਨਵਾਂ ਸੂਬਾ ਬਣਾਉਣ ਦੇ ਬਾਵਜੂਦ ਦੋਵਾਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਨੂੰ ਹੀ ਬਣਾਇਆ ਗਿਆ ਅਤੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ।

ਅੱਜ ਜਦੋਂ ਪੰਜਾਬ ਤੇ ਹਰਿਆਣੇ ਦੀ ਵੰਡ ਨੂੰ 56 ਸਾਲ ਲੰਘ ਚੁੱਕੇ ਹਨ ਤਾਂ ਚੰਡੀਗੜ੍ਹ ਦੇ ਨਾਲ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ, ਹਰਿਆਣਾ-ਪੰਜਾਬ ਦੀ ਵੱਖ-ਵੱਖ ਹਾਈ ਕੋਰਟ, ਅਬੋਹਰ-ਫਾਜ਼ਿਲਕਾ ਦੇ 109 ਪਿੰਡਾਂ ਦੇ ਨਾਲ ਲਾਲੜੂ, ਡੇਰਾਬੱਸੀ ਦੇ ਹਿੰਦੀ ਭਾਸ਼ਾਈ ਪਿੰਡਾਂ ਨੂੰ ਹਰਿਆਣਾ ਵਿੱਚ ਸ਼ਾਮਲ ਕੀਤੇ ਜਾਣ ਸਮੇਤ ਕਈ ਅਜਿਹੇ ਮੁੱਦੇ ਹਨ, ਜਿਨ੍ਹਾਂ ਕਾਰਨ ਹਰਿਆਣਾ-ਪੰਜਾਬ ਵਿੱਚ ਆਪਸੀ ਮਤਭੇਦ ਲਗਾਤਾਰ ਬਣੇ ਹੋਏ ਹਨ। ਚੰਡੀਗੜ੍ਹ ਦਾ ਵਿਧਾਨ ਸਭਾ ਭਵਨ ਵੀ ਪੰਜਾਬ ਦੇ ਅਧਿਕਾਰ ਖੇਤਰ ਵਿੱਚ ਹੈ। ਹਰਿਆਣਾ ਵਿਧਾਨ ਸਭਾ ਭਵਨ ਵਿੱਚ ਆਪਣੇ ਲਈ 20 ਕਮਰਿਆਂ ਦੀ ਮੰਗ ਲੰਬੇ ਸਮੇਂ ਤੋਂ ਕਰਦਾ ਰਿਹਾ ਹੈ। ਇਹੀ ਮਸਲੇ ਸਮੇਂ-ਸਮੇਂਪੰਜਾਬ ਅਤੇ ਹਰਿਆਣਾ ਵਿੱਚ ਵਿਵਾਦ ਦਾ ਕਾਰਨ ਬਣਦੇ ਰਹੇ, ਪਰ ਇਨ੍ਹਾਂ ਦਾ ਠੋਸ ਹੱਲ ਨਿਕਲਦਾ ਨਜ਼ਰ ਨਹੀਂ ਆ ਰਿਹਾ। ਪੰਜਾਬ ਦਾ ਹਮੇਸ਼ਾ ਦਾਅਵਾ ਰਿਹਾ ਹੈ ਕਿ ਚੰਡੀਗੜ੍ਹ ਉਸ ਦਾ ਹੈ। ਜਦੋਂ ਭਾਸ਼ਾਈ ਆਧਾਰ ਉੱਤੇ ਹਰਿਆਣਾ ਬਣਿਆ ਤਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਕੁਝ ਸਮੇਂ ਲਈ ਚੰਡੀਗੜ੍ਹ ਸਾਂਝੀ ਰਾਜਧਾਨੀ ਰਹੇਗਾ ਅਤੇ ਬਾਅਦ ਵਿੱਚ ਪੰਜਾਬ ਨੂੰ ਦੇ ਦਿੱਤਾ ਜਾਵੇਗਾ। 29 ਜਨਵਰੀ 1970 ਦੇ ਇੱਕ ਦਸਤਾਵੇਜ਼ ਮੁਤਾਬਕ ਹਰਿਆਣਾ ਨੂੰ ਲਿਖਤੀ ਤੌਰ ਉੱਤੇਦੱਸਿਆ ਗਿਆ ਸੀ ਕਿ ਦੋਵਾਂ ਰਾਜਾਂ ਦੇ ਦਾਅਵੇ ਕਾਰਨ ਚੰਡੀਗੜ੍ਹ ਦਾ ਰਾਜਧਾਨੀ ਪ੍ਰੋਜੈਕਟ ਏਰੀਆ ਪੂਰੀ ਤਰ੍ਹਾਂ ਪੰਜਾਬ ਵੱਲ ਜਾਵੇਗਾ। ਹਰਿਆਣਾ ਨੂੰ ਵੱਖ ਰਾਜਧਾਨੀ ਵਜੋਂ ਨਵਾਂ ਸ਼ਹਿਰ ਬਣਾਉਣ ਲਈ ਪੰਜ ਸਾਲ ਸਮਾਂ ਦਿੱਤਾ ਗਿਆ ਸੀ। ਨਵੀਂ ਰਾਜਧਾਨੀ ਲਈ ਕੇਂਦਰ ਸਰਕਾਰ ਨੇ 10 ਕਰੋੜ ਰੁਪਏ ਸਹਾਇਤਾ ਅਤੇ 10 ਕਰੋੜ ਕਰਜ਼ੇ ਦੇ ਰੂਪ ਵਿੱਚ ਦੇਣ ਦਾ ਪ੍ਰਸਤਾਵ ਦਿੱਤਾ ਸੀ।

ਫਿਰ ਅਗਸਤ 1985 ਵਿੱਚ ਓਦੋਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਾਲੇ ਇੱਕ ਸਮਝੌਤਾ ਹੋਇਆ, ਜਿਸ ਹੇਠ ਚੰਡੀਗੜ੍ਹ ਉੱਤੇ ਸਿਰਫ ਪੰਜਾਬ ਦੇ ਹੱਕ ਦੀ ਗੱਲ ਮੰਨੀ ਗਈ ਅਤੇ ਤੈਅ ਕੀਤਾ ਗਿਆ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਰਹੇਗੀ ਅਤੇ ਹਰਿਆਣਾ ਦੀ ਵੱਖ ਰਾਜਧਾਨੀ ਬਣਾਈ ਜਾਵੇਗੀ।ਸਾਲ 1986 ਵਿੱਚ ਰਾਜੀਵ-ਲੌਂਗੋਵਾਲ ਸਮਝੌਤੇ ਅਨੁਸਾਰ ਜਦੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਪ੍ਰਕਿਰਿਆ ਸ਼ੁਰੂ ਹੋਈ ਤਾਂ ਹਰਿਆਣਾ ਵਿੱਚ ਸਿਆਸੀ ਯੁੱਧ ਛਿੜ ਗਿਆ। ਹਰਿਆਣਾ ਦੇ ਓਦੋਂ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਨੇ ਇਸ ਦਾ ਪੁਰਜ਼ੋਰ ਵਿਰੋਧ ਕੀਤਾ। ਆਖਰ 26 ਜਨਵਰੀ 1986 ਨੂੰ ਓਦੋਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਨੇ ਮਾਮਲਾ ਉਥੇ ਹੀ ਠੱਪ ਕਰ ਦਿੱਤਾ। ਇੱਕ ਸਮੇਂ ਚੰਡੀਗੜ੍ਹ ਨੂੰ ਦੋਵਾਂ ਰਾਜਾਂ ਵਿੱਚ ਅੱਧਾ-ਅੱਧਾ ਵੰਡਣ ਦੀ ਗੱਲ ਵੀ ਹੋਈ, ਪਰ ਇਹ ਸਿਰੇ ਨਹੀਂ ਲੱਗ ਸਕੀ। ਸਾਲ 2018 ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਚੰਡੀਗੜ੍ਹ ਦੇ ਵਿਕਾਸ ਲਈ ਇੱਕ ਵਿਸ਼ੇਸ਼ ਕਮੇਟੀ ਬਣਾਈ ਤਾਂ ਪੰਜਾਬ ਦੇ ਓਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਮੁੱਛ ਦਾ ਸਵਾਲ ਬਣਾ ਲਿਆ। ਉਨ੍ਹਾਂ ਇਹ ਕਹਿ ਕੇ ਇਸ ਨੂੰ ਰੱਦ ਕਰ ਦਿੱਤਾ ਕਿ ਚੰਡੀਗੜ੍ਹ ਪੰਜਾਬ ਦਾ ਹਿੱਸਾ ਹੈ। ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੇ ਵੀ ਇੱਕ ਵਾਰ ਸੁਝਅ ਦਿੱਤਾ ਕਿ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਵਜੋਂ ਰੱਖ ਕੇ ਹਰਿਆਣਾ ਅਤੇ ਪੰਜਾਬ ਆਪਣੀਆਂ ਵੱਖ-ਵੱਖ ਰਾਜਧਾਨੀਆਂ ਬਣਾਉਣ ਅਤੇ ਹਾਈ ਕੋਰਟ ਦੀ ਸਥਾਪਨਾ ਵੀ ਅਲੱਗ-ਅਲੱਗ ਹੀ ਕੀਤੀ ਜਾਵੇ, ਪਰ ਇਸ ਸੁਝਾਅ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ ਗਿਆ।

ਇਸ ਵਕਤ ਕੇਂਦਰ ਸਰਕਾਰ ਦੇ ਫੈਸਲੇ ਤੋਂ ਬਾਅਦ ਇੱਕ ਵਾਰ ਇਹ ਮਾਮਲਾ ਫਿਰ ਪੂਰੀ ਤਰ੍ਹਾਂ ਗਰਮ ਹੋ ਚੁੱਕਾ ਹੈ ਤੇ ਦੋਵਾਂ ਰਾਜਾਂ ਦੀਆਂ ਸਰਕਾਰਾਂ ਨੇ ਆਪੋ-ਆਪਣੀਆਂ ਦਲੀਲਾਂ ਨਾਲ ਚੰਡੀਗੜ੍ਹ ਉੱਤੇ ਆਪੋ-ਆਪਣਾ ਹੱਕ ਜਤਾਇਆ ਹੈ। ਇਸ ਮੁੱਦੇ ਉੱਤੇ ਜਿੰਦਾਂ ਦੀ ਸਥਿਤੀ ਬਣੀ ਹੋਈ ਹੈ, ਉਸ ਤੋਂ ਲੱਗਦਾ ਹੈ ਕਿ ਇਸ ਦਾ ਹੱਲ ਨਿਕਲਣਾ ਅਜੇ ਵੀ ਸੰਭਵ ਨਹੀਂ। ਦੋਵਾਂ ਰਾਜਾਂ ਅਤੇ ਕੇਂਦਰ ਸਰਕਾਰ ਵੱਲੋਂ ਵਿਖਾਈ ਗਈ ਤਲਖੀ ਨਾਲ ਇਹ ਗੰਭੀਰ ਮੁੱਦਾ ਨਹੀਂ ਸੁਲਝਾਇਆ ਜਾ ਸਕਦ,' ਕਿਉਂਕਿ ਇਹ ਕੇਵਲ ਚੰਡੀਗੜ੍ਹ ਦੇ ਮੁੱਦੇ ਦੀ ਗੱਲ ਨਹੀਂ, ਇਸ ਨਾਲ ਹੋਰ ਵੀ ਕਈ ਮੁੱਦੇ ਜੁੜੇ ਹਨ। ਕਿਸਾਨ ਅੰਦੋਲਨ ਮੌਕੇ ਪੰਜਾਬ ਤੇ ਹਰਿਆਣਾ ਨੇ ਜੋ ਭਾਈਚਾਰਕ ਸਾਂਝ ਦਾ ਨਵਾਂ ਇਤਿਹਾਸ ਸਿਰਜਿਆ ਸੀ, ਉਸ ਨੂੰ ਸਦੀਵੀਂ ਕਾਇਮ ਰੱਖਣਾ ਚਾਹੀਦਾ ਤੇ ਇਸ ਮਸਲੇ ਉੱਤੇ ਕੋਈ ਤਲਖੀ ਜਾਂ ਜਲਦਬਾਜ਼ੀ ਨਹੀਂ ਵਿਖਾਉਣੀ ਚਾਹੀਦੀ ਸਗੋਂ ਇੱਕ ਮੇਜ਼ ਉੱਤੇ ਬੈਠ ਕੇ ਸ਼ਾਂਤੀਪੂਰਨ ਢੰਗ ਅਤੇ ਸਿਆਣਪ ਨਾਲ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

# ਕੜਕਦੀ ਧੁੱਪ ਵਿੱਚ ਕਣਕ ਦੀ ਵਾਢੀ ਕਰਨ



ਕਿਸੇ ਨੂੰ ਅਜਿਹਾ ਸੁਨੇਹਾ ਮਿਲਿਆ ਹੈ ਕਿ ਗਿਆਰਾਂ ਬੰਦੇ ਭੇਜੋ ਤਾਂ ਕਣਕ ਵੱਢੀ ਜਾਂਦੀ ਹੈ ਤੇ 21 ਬੰਦੇ ਭੇਜੋ ਤਾਂ ਘਰ ਮਿੱਟੀ ਨਾਲ ਭਰ ਜਾਵੇਗਾ। ਕੜਕਦੀ ਧੁੱਪ ਵਿੱਚ ਕਣਕ ਵੱਢਣਾ ਦਾਦੀ ਨੂੰ ਯਾਦ ਕਰਨ ਵਰਗਾ ਹੈ। ਹੋਟਲ ਦੇ ਮੇਜ਼ 'ਤੇ ਬੈਠ ਕੇ ਪੀਜ਼ਾ, ਬਰਗਰ, ਬਰੈੱਡ ਅਤੇ ਤੰਦੂਰੀ ਪਰਾਠਾ ਖਾਣ ਨਾਲ ਜੇਬ ਢਿੱਲੀ ਹੁੰਦੀ ਹੈ ਪਰ ਝੁਲਸਦੀ ਨਹੀਂ। ਸੂਰਜ ਦੀ ਰੋਸ਼ਨੀ ਅਤੇ ਗਰਮੀ ਦੇ ਕਾਰਨ ਕਿਸਾਨ ਦੀ ਚਮੜੀ ਦਾ ਰੰਗ ਵੀ ਬਦਲ ਜਾਂਦਾ ਹੈ। ਇਉਂ ਹੈ ਜਿਵੇਂ ਉਸ ਦਾ ਸਰੀਰ ਸੜ ਗਿਆ ਹੋਵੇ। ਚੰਗੀ ਕਿਸਮਤ ਹੈ ਕੰਬਾਈਨ ਹਾਰਵੈਸਟਰ ਦੀ, ਜਿਸ ਨਾਲ ਕਿਸਾਨ ਨੂੰ ਕਾਫੀ ਰਾਹਤ ਮਿਲੀ ਹੈ, ਪਰ ਫਿਰ ਵੀ ਅਣਗਿਣਤ ਕਿਸਾਨ ਪਰਿਵਾਰ ਅਜਿਹੇ ਹਨ ਜੋ ਕੰਬਾਈਨ ਹਾਰਵੈਸਟਰ ਦੀ ਬਜਾਏ ਆਪਣੇ ਪੂਰੇ ਪਰਿਵਾਰ ਸਮੇਤ ਮੰਡਸ਼ਾਲਾ ਮਾਰ ਕੇ ਖੇਤਾਂ 'ਚ ਉਤਰਦੇ ਹਨ ਅਤੇ ਆਪਣੇ ਸਟਿਲਾਂ 'ਚ ਮੁੰਨਵਾ ਲੈਂਦੇ ਹਨ। ਸੂਰਜ. ਪਰ ਵਾਢੀ ਦੀ ਖੁਸ਼ੀ ਵਿੱਚ ਉਹ ਆਪਣੇ ਸਾਰੇ ਦੁੱਖ ਭੁੱਲ ਜਾਂਦਾ ਹੈ।

ਭੋਜਨ, ਰੋਟੀ ਅਤੇ ਭੁੱਖ ਦਾ ਆਪਸ ਵਿੱਚ ਡੂੰਘਾ ਸਬੰਧ ਹੈ। ਭੁੱਖਾ ਆਦਮੀ ਕਦੇ ਵੀ ਸਵਾਦ ਦੀ ਗੱਲ ਨਹੀਂ ਕਰਦਾ। ਉਦੋਂ ਹੀ ਕਹਾਵਤ ਬਣ ਗਈ ਹੋਵੇਗੀ ਕਿ ਭੁੱਖੇ ਤਾਂ ਪਾਪੜ ਦਾ ਕੱਪ ਵੀ। ਪੂਰਾ ਮਨੁੱਖ ਖਾਣਾ ਖਾਂਦੇ ਸਮੇਂ ਜ਼ਰੂਰ ਦੁਖੀ ਹੁੰਦਾ ਹੈ ਅਤੇ ਭੋਜਨ ਦੇ ਸੁਆਦ ਨੂੰ ਕੋਸਦਾ ਰਹਿੰਦਾ ਹੈ। ਸੱਤਰ ਔਗੁਣਾਂ ਨੂੰ ਦੂਰ ਕਰਦਾ ਹੈ। ਜੇਕਰ ਭੋਜਨ ਵਿੱਚ ਸੱਚਮੁੱਚ ਕੋਈ ਕਮੀ ਹੋਵੇ ਤਾਂ ਉਸਦਾ ਪਾਰਾ ਸੱਤਵੇਂ ਅਸਮਾਨ 'ਤੇ ਚੜ੍ਹ ਜਾਂਦਾ ਹੈ। ਜੇਕਰ ਖਾਣਾ ਚੰਗੀ ਤਰ੍ਹਾਂ ਤਿਆਰ ਕੀਤਾ ਜਾਵੇ ਤਾਂ ਉਸ ਦੇ ਮੂੰਹੋਂ ਪ੍ਰਸ਼ੰਸਾ ਦੇ ਦੋ ਸ਼ਬਦ ਨਹੀਂ ਨਿਕਲਦੇ। ਖਾਣਾ ਖਾ ਕੇ ਉਹ ਚੁੱਪਚਾਪ ਜਾਗਦਾ ਹੈ ਜਿਵੇਂ ਉਸ ਦੇ ਮੂੰਹ ਵਿੱਚ ਕੋਈ ਸ਼ਬਦ ਨਾ ਬਚਿਆ ਹੋਵੇ। ਪਰ ਧੰਨ ਹਨ ਉਹ ਔਰਤਾਂ ਜੋ ਰੋਟੀਆਂ ਬਣਾਉਣ ਤੋਂ ਪਹਿਲਾਂ ਆਪਣਾ ਸਾਰਾ ਪਿਆਰ ਆਟੇ ਵਿੱਚ ਗੁੰਨ੍ਹਦੀਆਂ ਹਨ। ਮਨੁੱਖ ਰੋਟੀਆਂ ਨੂੰ ਕੱਚੀ-ਪੱਕੀ, ਸੜੀ-ਫੁੱਲ, ਕੁੜੱਤੀ, ਨਰਮ-ਕਠੋਰ ਸਮਝਦਾ ਰਹਿੰਦਾ ਹੈ। ਪਰ ਕਿਸੇ ਦੇ ਸਿਰ 'ਤੇ ਰੋਟੀਆਂ ਸਾੜਨ ਦਾ ਦੋਸ਼ ਵੀ ਔਰਤਾਂ ਹੀ ਲੈਂਦੀਆਂ ਹਨ। ਇੱਕ ਵਾਰ ਨਾਰਾਜ਼ਗੀ ਜ਼ਾਹਰ ਕਰਦਿਆਂ ਇੱਕ ਔਰਤ ਨੇ ਆਪਣੇ ਪਤੀ ਨੂੰ ਪੁੱਛਿਆ- ਆਟਾ ਕਿੱਥੋਂ ਲਿਆਇਆ? ਪਤੀ ਬੋਲਿਆ - ਕਿਉਂ ਕੀ ਹੋਇਆ ? ਪਤਨੀ ਨੇ ਕਿਹਾ- ਅੱਜ ਤਾਂ ਸਾਰੀਆਂ ਰੋਟੀਆਂ ਸੜ ਗਈਆਂ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*



# ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਕੱਠਿਆਂ ਫਾਜ਼ਿਲਕਾ ਦਾ ਦੌਰਾ

## * ਪੰਜਾਬ ਦੀ ਸੁਰੱਖਿਆ ਸਾਡੀ ਪਹਿਲੀ ਤਰਜੀਹ, ਕੌਮੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ

ਫਾਜਿਲਕਾ, 10 ਅਪ੍ਰੈਲ (ਗਿਆਨ ਸਿੰਘ)- ਰਾਜ ਦੇ 6 ਸਰਹੱਦੀ ਜਿਲ੍ਹਿਆਂ ਵਿਚ ਕੌਮੀ ਸੁਰੱਖਿਆ ਤੇ ਵਿਸੇਸ ਧਿਆਨ ਕੇਂਦਰਤ ਕਰਦਿਆਂ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਸਨੀਵਾਰ ਨੂੰ ਕੇਂਦਰੀ ਅਤੇ ਰਾਜ ਸੁਰੱਖਿਆ ਏਜਸੀਆਂ ਵਿਚਕਾਰ ਆਪਸੀ ਤਾਲਮੇਲ ਦੀ ਲੋੜ ਤੇ ਵਿਸੇਸ ਜ਼ੋਰ ਦਿੱਤਾ ਤਾਂ ਜ਼ੋ ਦੇਸ ਦੀ ਏਕਤਾ ਅਤੇ ਅੰਖਡਤਾ ਨੂੰ ਹਰ ਹਾਲ ਕਾਇਮ ਰੱਖਿਆ ਜਾ ਸਕੇ।



ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਸਰੱਹਦੀ ਜਿਲ੍ਹੇ ਦੇ ਸਰਪੰਚਾਂ ਅਤੇ ਪੰਚਾਂ ਦੇ ਨਾਲ ਨਾਲ ਕੇਂਦਰ ਅਤੇ ਰਾਜ ਸਰਕਾਰ ਦੀਆਂ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸੁਰੱਖਿਆ ਸਥਿਤੀ ਦਾ ਜਾਇਜਾ ਲਿਆ। ਰਾਜਪਾਲ ਨੇ ਕਿਹਾ, ਮੀਟਿੰਗ ਦਾ ਮੁੱਖ ਏਜੰਡਾ ਇਨ੍ਹਾਂ ਜਿਲ੍ਹਿਆਂ ਦੀ ਸੁਰੱਖਿਆ ਨੂੰ ਮਜਬੂਤ ਕਰਨ ਲਈ ਇੱਕ ਮਜਬੂਤ ਤੰਤਰ ਤਿਆਰ ਕਰਨਾ ਸੀ, ਖਾਸਕਰ ਜਦੋਂ ਗੁਆਂਢੀ ਦੇਸ ਡਰੋਨਾਂ ਰਾਹੀਂ ਨਸਿਆਂ ਅਤੇ ਹਥਿਆਰਾਂ ਦੀ ਤਸਕਰੀ ਕਰਕੇ ਪੰਜਾਬ ਵਿੱਚ ਸੰਕਟ ਪੈਦਾ ਕਰਨ ਦੇ ਤਰੀਕੇ ਲੱਭ ਰਿਹਾ ਹੈ, ਰਾਜਪਾਲ ਨੇ ਅੱਗੇ ਕਿਹਾ, ਇਸ ਸਬੰਧ ਵਿੱਚ ਅਣਗਹਿਲੀ ਦੀ ਕੋਈ ਗੁੰਜਾਇਸ਼ ਨਹੀਂ ਹੈ।

ਸਰਹੱਦ ਪਾਰੋਂ ਆਏ ਨਸੇ ਸਕੂਲ ਜਾਣ ਵਾਲੇ ਬੱਚਿਆਂ ਦੇ ਹੱਥਾਂ ਤੱਕ ਪੁੱਜ ਜਾਣ ਤੇ ਚਿੰਤਾ ਜਾਹਰ ਕਰਦਿਆਂ ਰਾਜਪਾਲ ਨੇ ਲੋਕਾਂ ਤੋਂ ਸਹਿਯੋਗ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਅਜਿਹੀ ਨਾਪਾਕ ਗਤੀਵਿਧੀ ਧਿਆਨ ਵਿਚ ਆਉਣ ਤੇ ਤੁਰੰਤ ਇਸਦੀ ਸੂਚਨਾ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਦੇਣ ਲਈ ਕਿਹਾ।

ਇਸ ਮੌਕੇ ਬੋਲਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਉਨ੍ਹਾਂ ਸਹੀਦਾਂ ਦੀ ਧਰਤੀ ਹੈ, ਜਿਨ੍ਹਾਂ ਨੇ ਆਜਾਦੀ ਦੇ ਅੰਦੋਲਨ ਵਿੱਚ ਸਹੀਦ ਏ ਆਜਮ ਭਗਤ ਸਿੰਘ, ਸਹੀਦ ਊਧਮ ਸਿੰਘ ਅਤੇ ਲਾਲਾ ਲਾਜਪਤ ਰਾਏ ਵਰਗੇ ਮਹਾਨ ਕ੍ਰਾਂਤੀਕਾਰੀਆਂ ਨੂੰ ਜਨਮ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ, ਹੁਣ ਵੀ ਸੂਬੇ ਦੇ ਬਹਾਦਰ ਨੌਜਵਾਨ ਦੇਸ ਦੀ ਰੱਖਿਆ ਲਈ ਫੌਜ ਵਿੱਚ ਸੇਵਾਵਾਂ ਦੇ ਕੇ ਆਪਣੀ ਵਿਰਾਸਤ ਨੂੰ ਅੱਗੇ ਵਧਾ ਰਹੇ ਹਨ, ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਧਿਆਨ ਸਕੂਲਾਂ, ਕਾਲਜਾਂ ਤੋਂ ਇਲਾਵਾ ਸਰਹੱਦੀ ਖੇਤਰਾਂ ਵਿੱਚ ਸਨਅਤ ਲਿਆਉਣ ਅਤੇ ਹੁਨਰ ਵਿਕਾਸ ਸੰਸਥਾਵਾਂ ਦੀ ਸਥਾਪਨਾ ਤੇ ਹੈ ਤਾਂ ਜੋ ਉਨ੍ਹਾਂ ਨੌਜਵਾਨਾਂ ਨੂੰ ਰੁਜਗਾਰ ਦੇ ਮੌਕੇ ਪ੍ਰਦਾਨ ਕੀਤੇ ਜਾ ਸਕਣ ਜਿਨ੍ਹਾਂ ਕੋਲ ਬਹੁਤਾਤ ਵਿੱਚ ਪ੍ਰਤਿਭਾ ਹੈ ਪਰ ਉਹਨਾਂ ਨੂੰ ਵਰਤਣ ਦਾ ਕੋਈ ਸਾਧਨ ਨਹੀਂ ਹੈ। ਸ: ਭਗਵੰਤ ਮਾਨ ਨੇ ਅੱਗੇ ਕਿਹਾ, ਰਾਜ ਸਰਕਾਰ ਦੇਸ ਦੀਆਂ ਹਥਿਆਰਬੰਦ ਸੈਨਾਵਾਂ ਲਈ ਭਵਿੱਖ ਦੇ ਅਧਿਕਾਰੀ ਪੈਦਾ ਕਰਨ ਦੇ ਉਦੇਸ ਨਾਲ ਪੰਜਾਬ ਵਿੱਚ ਸੈਨਿਕ ਸਕੂਲਾਂ ਨੂੰ ਲਿਆਉਣ ਲਈ ਵੀ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

ਕੌਮੀ ਸੁਰੱਖਿਆ ਦੇ ਮੁੱਦੇ 'ਤੇ ਕੋਈ ਸਮਝੌਤਾ ਨਾ ਕਰਨ 'ਤੇ ਜੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ 12 ਅਪ੍ਰੈਲ ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣਗੇ ਤਾਂ ਜੋ ਪੰਜਾਬ ਪੁਲਿਸ ਨੂੰ ਅਤਿਆਧੁਨਿਕ ਤਕਨੀਕੀ ਉਪਕਰਨ ਮੁਹੱਈਆ ਕਰਵਾਉਣ ਦਾ ਮੁੱਦਾ ਉਠਾਇਆ ਜਾ ਸਕੇ . ਇਸੇ ਤਰ੍ਹਾਂ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਕੰਡਿਆਲੀ ਤਾਰ ਤੋਂ ਪਾਰ ਜਮੀਨਾਂ ਵਾਲੇ ਕਿਸਾਨਾਂ ਦਾ ਮਾਮਲਾ ਵੀ ਜਲਦੀ ਹੀ ਹੱਲ ਕਰ ਲਿਆ ਜਾਵੇਗਾ।

# ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਵੱਲੋਂ ਛੇ ਫੈਕਲਟੀ ਸੀਟਾਂ ਦੀ ਚੋਣ ਰੱਦ

ਚੰਡੀਗੜ੍ਹ, 10 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਬਾਰੇ ਇਤਿਹਾਸਕ ਫ਼ੈਸਲਾ ਹੋ ਗਿਆ ਹੈ। ਯੂਨੀਵਰਸਿਟੀ ਦੇ ਚਾਂਸਲਰ ਅਤੇ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੇ ਸੈਨੇਟ ਚੋਣਾਂ ਵਿੱਚ ਛੇ ਫੈਕਲਟੀ ਸੀਟਾਂ ਲਈ ਚੁਣੇ ਗਏ ਉਮੀਦਵਾਰਾਂ ਦੀ ਚੋਣ ਰੱਦ ਕਰ ਦਿੱਤੀ ਹੈ।

ਭਾਰਤ ਦੇ ਉੱਪ ਰਾਸ਼ਟਰਪਤੀ ਅਤੇ ਯੂਨੀਵਰਸਿਟੀ ਦੇ ਚਾਂਸਲਰ ਦੇ ਇਸ ਫ਼ੈਸਲੇ ਨਾਲ ਯੂਨੀਵਰਸਿਟੀ ਸੈਨੇਟ ਦੀ ਸਿਆਸਤ ਵਿੱਚ ਵੱਡਾ ਧਮਾਕਾ ਹੋ ਗਿਆ ਹੈ। ਇਨ੍ਹਾਂ ਫੈਕਲਟੀ ਸੀਟਾਂ ਉੱਤੇ ਵੋਟਿੰਗ ਨਿਯਮਾਂ ਅਨੁਸਾਰ ਨਾ ਹੋਣ ਦਾ ਹਵਾਲਾ ਦੇ ਕੇ ਚੋਣ ਰੱਦ ਕੀਤੀ ਗਈ ਹੈ। ਚਾਂਸਲਰ ਨੇ ਪੀ ਯੂ ਰਜਿਸਟਰਾਰ ਨੂੰ ਜਲਦੀ ਚੋਣਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ।ਪੀ ਯੂ ਸੈਨੇਟ ਵਿੱਚ 1992 ਤੋਂ ਮਜ਼ਬੂਤੀ ਨਾਲ ਖੜੋਤੇ ਅਸ਼ੋਕ ਗੋਇਲ ਗਰੁੱਪ ਨੂੰ ਝਟਕਾ ਲੱਗਾ ਹੈ। 1 ਸਤੰਬਰ 2021 ਨੂੰ ਹੋਈਆਂ ਚੋਣਾਂ ਵਿੱਚ ਫੈਕਲਟੀ ਦੀਆਂ ਸਾਰੀਆਂ ਛੇ ਸੀਟਾਂ ਉੱਤੇ ਅਸ਼ੋਕ ਗੋਇਲ ਗਰੁੱਪ ਦੀ ਸ਼ਾਨਦਾਰ ਜਿੱਤ ਹੋਈ ਸੀ ਪਰ ਚਾਂਸਲਰ ਦਫ਼ਤਰ ਵੱਲੋਂ ਇਨ੍ਹਾਂ ਸੀਟਾਂ ਦੇ ਨੋਟੀਫਿਕੇਸ਼ਨ ਦਾ ਮੁੱਦਾ ਲਟਕ ਗਿਆ ਸੀ। ਇਹ ਮੁੱਦਾ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਲੰਬੇ ਸਮੇਂ ਤੋਂ ਵਿਚਾਰ ਅਧੀਨ ਹੈ। ਪ੍ਰੋਫੈਸਰ ਡਾ. ਅੰਜੂ ਸੂਰੀ, ਡਾ. ਗੁਰਪਾਲ ਸਿੰਘ ਅਤੇ ਡਾ. ਪ੍ਰਿਤੋਸ਼ ਕੁਮਾਰ ਫੈਕਲਟੀ ਚੋਣ ਦੇ ਵਿਰੋਧ ਵਿੱਚ ਸੈਨੇਟ ਚੋਣ ਵਿੱਚ ਉਮੀਦਵਾਰ ਸਨ ਅਤੇ ਉਨ੍ਹਾ ਨੇ ਚਾਂਸਲਰ ਦਫ਼ਤਰ ਵਿੱਚ ਚੋਣ ਬਾਰੇ ਇਤਰਾਜ਼ ਕੀਤਾ ਸੀ। ਫੈਕਲਟੀ ਨੋਟੀਫਿਕੇਸ਼ਨ ਬਾਰੇ ਸੁਣਵਾਈ ਹਾਈ ਕੋਰਟ ਵਿੱਚ 21 ਅਪ੍ਰੈਲ ਨੂੰ ਹੋਣੀ ਹੈ। ਇਸ ਦੌਰਾਨਗੋਇਲ ਗਰੁੱਪ ਦੀ ਨਜ਼ਰ ਅਗਲੀ ਸੁਣਵਾਈ ਉੱਤੇ ਹੈ।ਅਸ਼ੋਕ ਗੋਇਲ ਗਰੁੱਪ ਦੇ ਖ਼ਿਲਾਫ਼ ਚਾਂਸਲਰ ਦੇ ਫ਼ੈਸਲੇ ਕਾਰਨ ਅਗਲੇ ਦਿਨਾਂ ਵਿੱਚ ਪੀ ਯੂ ਕੈਂਪਸ ਵਿੱਚ ਸਿਆਸਤ ਭਖੇਗੀ। ਸੂਤਰਾਂ ਮੁਤਾਬਕ ਚਾਂਸਲਰ ਐਮ ਵੈਂਕਈਆ ਨਾਇਡੂ ਖੁਦ 6 ਮਈ ਨੂੰ ਪੀ ਯੂ ਦੀ 69ਵੀਂ ਕਨਵੋਕੇਸ਼ਨ ਵਿੱਚ ਆਉਣਗੇ। ਪੀ ਯੂ ਸੈਨੇਟ ਵਿੱਚ ਅਸ਼ੋਕ ਗੋਇਲ ਗਰੁੱਪ ਦੇ ਕਈ ਮੈਂਬਰ ਹਨ, ਜੋ ਇਸ ਮਾਮਲੇ ਵਿੱਚ ਆਪਣੀ ਆਵਾਜ਼ ਉਠਾ ਸਕਦੇ ਹਨ। ਕੈਂਪਸ ਵਿੱਚ ਵੀ ਵਿਰੋਧ ਪ੍ਰਦਰਸ਼ਨ ਹੋ ਸਕਦੇ ਹਨ। 27 ਮਾਰਚ ਨੂੰ ਹੋਈ ਸੈਨੇਟ ਵਿੱਚ ਗੋਇਲ ਗਰੁੱਪ ਦੇ ਕੁਝ ਮੈਂਬਰਾਂ ਨੇ ਹੰਗਾਮਾ ਕੀਤਾ ਸੀ।

# ਹਾਈ ਸਕਿਓਰਟੀ ਨੰਬਰ ਪਲੇਟ ਨਾ ਲਗਵਾਉਣ ਵਾਲਿਆਂ ਦੇ ਖਿਲਾਫ ਉੱਤੇ ਕਾਰਵਾਈ

ਜਲੰਧਰ, 10 ਅਪ੍ਰੈਲ (ਪੋਸਟ ਬਿਊਰੋ)- ਹਾਈ ਸਕਿਓਰਟੀ ਨੰਬਰ ਪਲੇਟ ਨਾ ਲਗਵਾਉਣ ਵਾਲੇ ਵਾਹਨ ਚਾਲਕਾਂ ਉੱਤੇਅੱਗੇ ਤੋਂ ਟ੍ਰੈਫਿਕ ਪੁਲਸ ਸਖ਼ਤ ਹੋਵੇਗੀ। ਚੰਡੀਗੜ੍ਹ ਵਿੱਚ ਬਿਨਾਂ ਹਾਈ ਸਿਕਿਓਟਰੀ ਪਲੇਟ ਲੱਗੇ ਵਾਹਨ ਦਾਖ਼ਲ ਨਹੀਂ ਹੋ ਸਕਦੇ, ਜੇ ਕੋਈ ਵਾਹਨ ਚੰਡੀਗੜ੍ਹ ਸਿਟੀ ਵਿੱਚ ਦਾਖ਼ਲ ਹੋਵੇ ਤਾਂ ਉਸਦਾ ਚਾਰ ਹਜ਼ਾਰ ਰੁਪਏ ਦਾ ਚਾਲਾਨ ਹੁੰਦਾ ਹੈ। ਇਸ ਨੁਕਤੇ ਨੂੰ ਜਲੰਧਰ ਵਿੱਚ ਵੀ ਲਾਗੂ ਕੀਤਾ ਜਾਣਾ ਹੈ। ਟ੍ਰੈਫਿਕ ਪੁਲਸ ਏਦਾਂ ਚਾਲਾਨ ਕਾਟੇਗੀ, ਜੇ ਫਿਰ ਵੀ ਵਾਹਨ ਚਾਲਕ ਐਚ ਐਸ ਪੀ ਨਹੀਂ ਲਵਾਉਂਦਾ ਤਾਂ ਮੋਟਾ ਚਲਾਨ ਕੀਤਾ ਜਾਵੇਗਾ।

ਅਕਤੂਬਰ 2021 ਵਿੱਚ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਆਦੇਸ਼ ਦਿੱਤੇ ਸੀ ਕਿ ਜਿਸ ਨੇ ਹਾਈ ਸਕਿਓਰਟੀ ਨੰਬਰ ਪਲੇਟ ਨਹੀਂ ਲਵਾਈ, ਉਸਦਾ ਹਰ ਹਾਲਤ ਚਾਲਾਨ ਕੀਤਾ ਜਾਏ। ਇਸ ਜੇ ਬਾਅਦ ਕੁਝ ਸਮੇਂ ਤਕ ਕਾਫੀ ਤੇਜ਼ੀ ਨਾਲ ਚਾਲਾਨ ਕੀਤੇ ਗਏ, ਪਰ ਫਿਰ ਕੰਮ ਢਿੱਲਾ ਕਰ ਦਿੱਤਾ ਗਿਆ ਸੀ।



ਜਲੰਧਰ ਸਿਟੀ ਵਿੱਚ 2018 ਤੋਂ ਲੈ ਕੇ 2022 ਤਕ 3.06 ਲੱਖ ਵਾਹਨ ਚਾਲਕਾਂ ਨੇ ਹਾਈ ਸਕਿਓਰਟੀ ਨੰਬਰ ਪਲੇਟ ਅਪਲਾਈ ਕੀਤੀ, ਜਿਸ ਵਿੱਚੋਂ 2.92 ਲੱਖ ਵਾਹਨ ਚਲਕਾਂ ਨੇ ਲਵਾ ਲਈ, ਪਰ ਅਜੇ ਵੀ 14 ਹਜ਼ਾਰ ਵਾਹਨਾਂ ਉੱਤੇ ਹਾਈ ਸਕਿਓਰਟੀ ਨੰਬਰ ਪਲੇਟ ਲੱਗਣੀ ਬਾਕੀ ਹੈ। ਹਾਈ ਸਕਿਓਰਟੀ ਨੰਬਰ ਪਲੇਟ ਲਵਾਉਣ ਵਾਲੇ ਜਾਣਕਾਰ ਨੇ ਦੱਸਿਆ ਕਿ ਇਹ 14 ਹਜ਼ਾਰ ਵਾਹਨਾਂ ਨੇ ਪਲੇਟ ਅਪਲਾਈ ਤਾਂ ਕੀਤੀ ਹੈ, ਪਰ ਲਵਾਉਣ ਨਹੀਂ ਆ ਰਹੇ। ਇਸ ਤੋਂ ਇਲਾਵਾ ਜਲੰਧਰ ਸਿਟੀ ਵਿੱਚ ਹਜ਼ਾਰਾਂ ਵਾਹਨ 2018 ਤੋਂ ਪਹਿਲਾਂ ਵਾਲੇ ਹਨ, ਉਨ੍ਹਾਂ ਉੱਤੇ ਐਚ ਐਸ ਪੀ ਲੱਗੀ ਹੀ ਨਹੀਂ, ਇਸ ਲਈ ਉਨ੍ਹਾਂ ਦਾ ਚਾਲਾਨ ਸੰਭਵ ਹਨ। ਏ ਡੀ ਸੀ ਪੀ ਟ੍ਰੈਫਿਕ ਨੇ ਦੱਸਿਆ ਕਿ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਹਾਈ ਸਕਿਓਰਟੀ ਨੰਬਰ ਪਲੇਟ ਲਗਵਾਉਣ। ਅਜੇ ਚਾਲਾਨ ਕੀਤੇ ਜਾ ਰਹੇ ਹਨ, ਪਰ ਆਉਣ ਵਾਲੇ ਦਿਨਾਂ ਵਿੱਚ ਹੋਰ ਸਖ਼ਤੀ ਹੋ ਜਾਵੇਗੀ ਅਤੇ ਚਾਲਾਨ ਵੀ।


# ਠੱਗ ਟਰੈਵਲ ਏਜੰਟ ਪੰਕਜ ਖੋਖਰ ਵੱਲੋਂ ਪ੍ਰਿੰਟ ਮੀਡੀਆ ਨਾਲ 8.73 ਲੱਖ ਦੀ ਧੋਖਾਦੇਹੀ

ਲੁਧਿਆਣਾ, 10 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੇ ਛੇ ਸਾਲਾਂ ਤੋਂ ਵੱਖ-ਵੱਖ ਸ਼ਹਿਰਾਂ ਵਿੱਚ ਵਿਦੇਸ਼ ਭੇਜਣ ਦੇ ਨਾਂ ਉਤੇ ਦਫ਼ਤਰ ਚਲਾ ਕੇ ਕਰੋੜਾਂ ਰੁਪਏ ਦੀ ਠੱਗੀ ਮਾਰਨ ਵਾਲੇ ਟਰੈਵਲ ਏਜੰਟ ਪੰਕਜ ਖੋਖਰ ਅਤੇ ਉਸ ਦੀ ਟੀਮ ਉਤੇ ਪੰਜਾਬ ਭਰ ਵਿੱਚ ਦਰਜਨਾਂ ਠੱਗੀ ਦੇ ਕੇਸ ਦਰਜ ਹਨ। ਖੋਖਰ ਦਾ ਇੱਕ ਹੋਰ ਨਵਾਂ ਕਾਰਨਾਮਾ ਪਤਾ ਲੱਗਾ ਹੈ, ਜਿਸ ਵਿੱਚ ਉਸ ਨੇ ਪ੍ਰਿੰਟ ਮੀਡੀਆ ਨੂੰ ਵੀ ਠੱਗੀ ਦਾ ਸ਼ਿਕਾਰ ਬਣਾ ਲਿਆ।



ਸ਼ਿਕਾਇਤਕਰਤਾ ਰਾਜੇਸ਼ ਖੰਨਾ ਨੇ ਕਿਹਾ ਕਿ ਟਰੈਵਲ ਏਜੰਟ ਪੰਕਜ ਖੋਖਰ ਆਪਣੇ ਵੱਖ-ਵੱਖ ਦਫ਼ਤਰਾਂ ਬਾਰੇ ਪੰਜਾਬ ਦੇ ਪ੍ਰਸਿੱਧ ਨਾਮੀ ਹਿੰਦੀ-ਪੰਜਾਬੀ ਅਖਬਾਰਾਂ ਨੂੰ ਇਸ਼ਤਿਹਾਰ ਦਿੰਦਾ ਸੀ ਪਰ ਲੰਬੇ ਸਮੇਂ ਤਕ ਉਹ ਵਿਸ਼ਵਾਸ ਵਿੱਚ ਲੈ ਕੇ ਇਸ਼ਤਿਹਾਰ ਲਵਾਉਂਦਾ ਰਿਹਾ ਅਤੇ ਪੈਸੇ ਮੰਗਣ ਉਤੇ ਟਾਲਣ ਦੀ ਨੀਤੀ ਆਪਣਾ ਕੇ ਧਮਕੀਆਂ ਦੇਣ ਲੱਗ ਪਿਆ।ਪੰਕਜ ਖੋਖਰ ਨੇ 8.73 ਲੱਖ ਰੁਪਏ ਦਾ ਚੈਕ ਦਿੱਤਾ, ਜੋ ਬੈਂਕ ਵਿੱਚ ਲਵਾਉਣ ਤੋਂ ਬਾਅਦ ਬਾਊਂਸ ਹੋ ਗਿਆ। ਇਸ ਤੋਂ ਬਾਅਦ ਉਸ ਤੋਂ ਪੁੱਛਣ ਉਤੇ ਉਸ ਨੇ ਉਸੇ ਚੈਕ ਨੂੰ ਬੈਂਕ ਵਿੱਚ ਦੁਬਾਰਾ ਲਵਾਉਣ ਨੂੰ ਕਿਹਾ, ਪਰ ਫਿਰ ਉਹ ਬਾਊਂਸ ਹੋ ਗਿਆ। ਇਸ ਪਿੱਛੋਂ ਉਹ ਦਫ਼ਤਰ ਛੱਡ ਕੇ ਭੱਜ ਗਿਆ ਤੇ ਆਪਣੇ ਮੋਬਾਇਲ ਫੋਨ ਵੀ ਬੰਦ ਕਰ ਦਿੱਤੇ। ਪੁਲਸ ਨੇ 420 ਅਤੇ 120 ਬੀ ਦਾ ਕੇਸ ਦਰਜ ਕਰ ਲਿਆ ਹੈ।ਜਾਂਚ ਅਧਿਕਾਰੀ ਨੇ ਦੱਸਿਆ ਕਿ ਟਰੈਵਲ ਏਜੰਟ ਪੰਕਜ ਖੋਖਰ, ਜਿਸ ਉਤੇ ਦਰਜਨਾਂ ਠੱਗੀ ਦੇ ਮਾਮਲੇ ਦਰਜ ਹਨ ਅਤੇ ਫਿਲਹਾਲ ਉਹ ਜੇਲ੍ਹ ਵਿੱਚ ਬੰਦ ਹੈ, ਪੁਲਸ ਉਸ ਨੂੰ ਕਿਸੇ ਵੀ ਸਮੇਂ ਪ੍ਰੋਡਕਸ਼ਨ ਵਾਂਰਟ ਉੱਤੇ ਲਿਆ ਕੇ ਹੋਰ ਵੀ ਪੁੱਛਗਿੱਛ ਕਰੇਗੀ।

# ਸਰੇ ਬਾਜ਼ਾਰ ਔਰਤ ਦਾ ਕਤਲ, ਮਦਦਗਾਰ ਪਤੀ ਉੱਤੇ ਵੀ ਹਮਲਾ




ਬਠਿੰਡਾ, 10 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੇ ਭੀੜ-ਭੜੱਕੇ ਵਾਲੇ ਇਲਾਕੇ ਸਿਰਕੀ ਬਾਜ਼ਾਰ ਵਿੱਚ ਕੱਲ੍ਹ ਸ਼ਾਮ ਕਰੀਬ ਛੇ ਵਜੇ ਇੱਕ ਔਰਤ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਦਿਨ-ਦਿਹਾੜੇ ਹੋਏ ਇਸ ਕਤਲ ਮੌਕੇਔਰਤ ਉੱਤੇ ਚਾਕੂਆਂ ਦੇ ਇੰਨੇ ਵਾਰ ਕੀਤੇ ਗਏ ਕਿ ਉਹ ਖ਼ੂਨ ਨਾਲ ਲੱਥਪੱਥ ਹੋ ਗਈ।

ਦੱਸਿਆ ਜਾ ਰਿਹਾ ਹੈ ਕਿ ਕਾਤਲ ਉਨ੍ਹਾਂ ਦੇ ਗੁਆਂਢ ਵਿੱਚ ਰਹਿੰਦਾ ਸੀ ਅਤੇ ਰੰਜਿਸ਼ ਕਾਰਨ ਉਸ ਨੇ ਇਹ ਕਤਲ ਕੀਤਾ ਹੈ। ਦੋਸ਼ੀ ਨੂੰ ਮੌਕੇ ਉੱਤੇ ਕਾਬੂ ਕਰ ਕੇ ਪੁਲਸ ਹਵਾਲੇ ਕਰ ਦਿੱਤਾ ਗਿਆ ਹੈ। ਮ੍ਰਿਤਕ ਔਰਤ ਦੀ ਪਛਾਣ 42 ਸਾਲਾ ਬਿਜਲੀ ਦੇਵੀ ਪਤਨੀ ਕਨ੍ਹਈਆ ਲਾਲ ਵਾਸੀ ਹਨੂੰਮਾਨ ਮੰਦਰ ਸਾਹ-ਮਣੇ ਸਿਰਕੀ ਬਾਜ਼ਾਰ ਵਜੋਂ ਹੋਈ ਹੈ। ਇਸ ਘਟਨਾ ਵਿੱਚ ਔਰਤਾਂ ਦੇ ਪਤੀ ਨੂੰ ਵੀ ਕੁਝ ਸੱਟਾਂ ਲੱਗੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਸਿਰਕੀ ਬਾਜ਼ਾਰ ਦੇ ਮਸ਼ਹੂਰ ਨਿੰਮ ਵਾਲਾ ਚੌਕ ਨੇੜੇ ਰਾਮ ਸਿੰਘ ਸਾਈਕਲ ਰਿਪੇਅਰ ਦਾ ਕੰਮ ਕਰਦਾ ਸੀ। ਇਸੇ ਦੌਰਾਨ ਬਿਜਲੀ ਦੇਵੀ ਤੇ ਉਸ ਦਾ ਪਤੀ ਵੀ ਸਾਈਕਲ ਰਿਪੇਅਰ ਦਾ ਕੰਮ ਕਰਨ ਲੱਗੇ। ਰਾਮ ਸਿੰਘ ਇਸ ਤੋਂ ਨਾਰਾਜ਼ ਹੋ ਗਿਆ ਕਿ ਉਸ ਦਾ ਕਾਰੋਬਾਰ ਬਰਬਾਦ ਹੋ ਜਾਵੇਗਾ। ਪਹਿਲਾਂ ਉਸ ਨੇ ਪਤੀ-ਪਤਨੀ ਨਾਲ ਬਦਸਲੂਕੀ ਕੀਤੀ ਅਤੇ ਗੁੱਸੇ ਵਿੱਚ ਆ ਕੇ ਦਰਜਨਾਂ ਚਾਕੂਆਂ ਦੇ ਵਾਰ ਕਰ ਕੇ ਔਰਤ ਨੂੰ ਮਾਰ ਦਿੱਤਾ। ਪਤੀ ਜਦੋਂ ਪਤਨੀ ਨੂੰ ਬਚਾਉਣ ਆਇਆ ਤਾਂ ਉਸ ਉੱਤੇ ਵੀ ਚਾਕੂ ਨਾਲ ਹਮਲਾ ਕਰ ਦਿੱਤਾ। ਬਿਜਲੀ ਰਾਣੀ ਦੀ ਮੌਕੇ ਉੱਤੇ ਮੌਤ ਹੋ ਗਈ। ਕਨ੍ਹਈਆ ਲਾਲ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


# ਸਿਰਫ਼ 50 ਰੁਪਏ ਲਈ ਇੱਟ ਮਾਰ ਕੇ ਨੌਜਵਾਨ ਦੀ ਹੱਤਿਆ

ਭਿੱਖੀਵਿੰਡ, 10 ਅਪ੍ਰੈਲ (ਪੋਸਟ ਬਿਊਰੋ)- ਤਰਨਤਾਰਨ ਜ਼ਿਲ੍ਹੇ ਦੇ ਪਿੰਡ ਕਲਸੀਆਂ ਕਲਾਂ ਵਿੱਚ 50 ਰੁਪਏ ਦੇ ਲੈਣ-ਦੇਣ ਵਾਲੇ ਝਗੜੇ ਵਿੱਚ ਨੌਜਵਾਨ ਦੀ ਇੱਟ ਮਾਰ ਕੇ ਹੱਤਿਆ ਕਰ ਦਿੱਤੀ ਗਈ। ਦੋਸ਼ੀ ਫ਼ਰਾਰ ਦੱਸੇ ਗਏ ਹਨ।



ਜਸਕਰਨ ਸਿੰਘ ਵਾਸੀ ਕਲਸੀਆਂ ਕਲਾਂ ਨੇ ਦੱਸਿਆ ਕਿ ਉਹ ਅਤੇ ਉਸ ਦਾ ਭਰਾ ਗੁਰਸਾਬ ਸਿੰਘ ਬੱਚੀ ਮਿਹਨਤ ਮਜ਼ਦੂਰੀ ਕਰਦੇ ਹਨ। ਕੱਲ੍ਹ ਸ਼ਾਮ ਕਰੀਬ ਸਾਢੇ ਛੇ ਵਜੇ ਉਹ ਤੇ ਉਸ ਦਾ ਭਰਾ ਗੁਰਸਾਬ ਸਿੰਘ ਘਰ ਮੂਹਰੇ ਗਲੀ ਵਿੱਚ ਖੜ੍ਹੇ ਸਨ। ਇਸੇ ਦੌਰਾਨ ਗੁਰਸ਼ਰਨ ਸਿੰਘ ਮੋਟਰਸਾਈਕਲ ਉੱਤੇ ਆਇਆ ਅਤੇ ਉਸਦੀ ਤੇ ਕੁਲਦੀਪ ਸਿੰਘ ਦੀ ਦਿਹਾੜੀ ਦੇ ਪੈਸਿਆਂ ਵਿੱਚੋਂ 50 ਰੁਪਏ ਬਾਰੇ ਝਗੜਾ ਸ਼ੁਰੂ ਹੋ ਗਿਆ। ਗੁਰਸਾਬ ਸਿੰਘ ਨੇ ਝਗੜੇ ਦਾ ਕਾਰਨ ਪੁੱਛਿਆ ਤਾਂ ਕੁਲਦੀਪ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ, ਸਰਵਣ ਸਿੰਘ, ਗੁਰਸ਼ਰਨ ਸਿੰਘ ਗੋਸ਼ਾ ਅਤੇ ਕਾਲਾ ਨੇ ਉਸ ਦੇ ਭਰਾ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਝਗੜਾ ਹਟਾਉਣ ਤੋਂ 20 ਮਿੰਟ ਬਾਅਦ ਉਹ ਲੋਕ ਫਿਰ ਉਨ੍ਹਾਂ ਦੇ ਘਰ ਆਏ ਤੇ ਗੁਰਸਾਬ ਸਿੰਘ ਨੂੰ ਖਿੱਚ ਕੇ ਲੈ ਗਏ ਜਿੱਥੇ ਉਸ ਨੂੰ ਇੱਟਾਂ-ਰੋੜੇ ਤੇ ਡਾਗਾਂ ਮਾਰੀਆਂ। ਇੱਕ ਇੱਟ ਗੁਰਸਾਬ ਦੇ ਸਿਰ ਉੱਤੇ ਲੱਗ ਗਈ। ਇਸੇ ਪਿੱਛੋਂਦੋਸ਼ੀ ਫ਼ਰਾਰ ਹੋ ਗਏ। ਉਨ੍ਹਾਂ ਨੇ ਗੁਰਸਾਬ ਸਿੰਘ ਦੇ ਪੱਟੀ ਕਰਾਈ ਤੇ ਘਰ ਆ ਗਏ ਪਰ ਘੰਟੇ ਬਾਅਦ ਦੋਸ਼ੀਆਂ ਨੇ ਉਨ੍ਹਾਂ ਦੇ ਘਰ ਵਿੱਚ ਵੜ ਕੇ ਉਸ ਦੇ ਭਰਾ ਦੀ ਕੁੱਟਮਾਰ ਕੀਤੀ ਤੇ ਰਾਤ ਦੋ ਵਜੇ ਉਸ ਦੇ ਭਰਾ ਦੀ ਮੌਤ ਹੋ ਗਈ।

# ਅੱਧੀ ਰਾਤੀਂ ਕੋਠੀ ਵਿੱਚ ਵੜੇ ਚੋਰ ਨੇ ਤੀਜੀ ਮੰਜ਼ਿਲ ਤੋਂ ਛਾਲ ਮਾਰੀ

ਜਲੰਧਰ, 10 ਅਪ੍ਰੈਲ (ਪੋਸਟ ਬਿਊਰੋ)- ਨਿਊ ਦਿਓਲ ਨਗਰ ਵਿੱਚ ਇੱਕ ਬਣਦੀ ਪਈ ਕੋਠੀ ਤੋਂ ਚੋਰ ਸਾਮਾਨ ਚੋਰੀ ਕਰ ਕੇਕੱਲ੍ਹ ਰਾਤਜਦੋਂ ਭੱਜ ਰਿਹਾ ਸੀ ਕਿ ਲੋਕਾਂ ਨੇ ਦੇਖ ਲਿਆ। ਸ਼ੋਰ ਮਚਾਉਣ ਉੱਤੇ ਭੱਜਦੇ ਚੋਰ ਨੇ ਤੀਸਰੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ ਅਤੇ ਡਿੱਗਣ ਨਾਲ ਜ਼ਖ਼ਮੀ ਹੋ ਗਿਆ, ਜਿਸ ਨੂੰ ਲੋਕਾਂ ਨੇ ਫੜ ਲਿਆ। ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਚੋਰ ਨੂੰ ਹਸਪਤਾਲ ਵਿੱਚ ਦਾਖ਼ਲ ਕਰਵ-ਾਇਆ ਹੈ।

ਇਲਾਕਾ ਨਿਵਾਸੀ ਅਵਤਾਰ ਸਿੰਘ ਨੇ ਦੱਸਿਆ ਕਿ ਇਲਾਕੇ ਵਿੱਚ ਇੱਕ ਕੋਠੀ ਦਾ ਕੰਮ ਚੱਲਦਾ ਸੀ। ਤਿੰਨ ਮੰਜ਼ਿਲਾ ਕੋਠੀ ਵਿੱਚ ਦੇਰ ਰਾਤ ਅਚਾਨਕ ਕੁਝ ਆਵਾਜ਼ਾਂ ਸੁਣਾਈਆਂ ਦਿੱਤੀਆਂ। ਉਹ ਆਪਣੇ ਘਰੋਂ ਬਾਹਰ ਨਿਕਲਿਆ ਤਾਂ ਦੇਖਿਆ ਕਿ ਇੱਕ ਵਿਅਕਤੀ ਉਸਾਰੀ ਅਧੀਨ ਕੋਠੀ ਦੇ ਅੰਦਰੋਂ ਪਾਈਪ, ਤਾਰਾਂ ਆਦਿ ਸਮਾਨ ਥੱਲੇ ਸੁੱਟ ਰਿਹਾ ਹੈ। ਉਨ੍ਹਾਂ ਨੇ ਸ਼ੋਰ ਮਚਾਇਆ ਤਾਂ ਸਾਮਾਨ ਸੁੱਟਣ ਵਾਲੇ ਨੌਜਵਾਨ ਨੇ ਤੀਸਰੀ ਮੰਜ਼ਿਲ ਤੋਂ ਗਲੀ ਵਿੱਚ ਛਾਲ ਮਾਰ ਦਿੱਤੀ। ਜਦੋਂ ਉਸ ਨੌਜਵਾਨ ਦੇ ਕੋਲ ਪਹੁੰਚੇ ਤਾਂ ਉਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਸ ਨੂੰ ਗੰਭੀਰ ਸੱਟਾਂ ਆਈਆਂ ਹਨ।

# ਸਮਲਿੰਗੀ ਕੁੜੀਆਂ ਨੂੰ ਸੁਰੱਖਿਆ ਦੇਣ ਤੋਂ ਅਦਾਲਤ ਦਾ ਇਨਕਾਰ

ਚੰਡੀਗੜ੍ਹ, 10 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਮਲਿੰਗੀ ਜੋੜੇ ਦੀ ਸੁਰੱਖਿਆ ਦੀ ਮੰਗ ਰੱਦ ਕਰ ਦਿੱਤੀ ਅਤੇ ਕਿਹਾ ਕਿ ਪਟੀਸ਼ਨਰ ਦੀ ਇਹ ਦਲੀਲ ਕਿ ਉਨ੍ਹਾਂ ਦੇ ਪਰਵਾਰ ਦੇ ਮੈਂਬਰ ਉਨ੍ਹਾਂ ਨੂੰ ਝੂਠੇ ਕੇਸ ਵਿਚ ਫਸਾ ਸਕਦੇ ਹਨ, ਉਨ੍ਹਾਂ ਨੂੰ ਸੁਰੱਖਿਆ ਦੇਣ ਦਾ ਹੁਕਮ ਕਰਨ ਲਈ ਕਾਫੀ ਨਹੀਂ। ਸਲ ਵਿੱਚ ਦੋ ਕੁੜੀਆਂ ਨੇ ਸਹਿਮਤੀ ਨਾਲ ਸੰਬੰਧ ਰੱਖਣ ਲਈ ਸੁਰੱਖਿਆ ਮੰਗੀ ਸੀ। ਅਰਜ਼ੀ ਵਿੱਚ ਉਨ੍ਹਾਂ ਹਾਈ ਕੋਰਟ ਨੂੰ ਦੱਸਿਆ ਸੀ ਕਿ ਦੋਵੇਂ ਜਣੀਆਂ ਇੱਕ-ਦੂਜੇ ਨੂੰ ਪਿਆਰ ਕਰਦੀਆਂ ਹਨ, ਦੋਵਾਂ ਦੇ ਪਰਵਾਰਕ ਮੈਂਬਰ ਇਸ ਤੋਂ ਖੁਸ਼ ਨਹੀਂ ਤੇ ਕਿਸੇ ਝੂਠੇ ਕੇਸ ਵਿੱਚ ਫਸਾਉਣ ਦੇ ਯਤਨਾਂ ਵਿੱਚ ਹਨ। ਉਨ੍ਹਾ ਦਾ ਕਹਿਣਾ ਸੀ ਕਿ ਦੋਵੇਂ ਅਡਲਟ ਹਨ ਤੇ ਇੱਕ ਦੀ ਉਮਰ 21 ਸਾਲ ਤੇ ਦੂਜੀ ਦੀ 27 ਸਾਲ ਹੈ। ਪਰਵਾਰਾਂ ਤੋਂ ਖਤਰੇ ਦੀ ਗੱਲ ਕਰ ਕੇ ਦੋਵਾਂ ਨੇ ਮੁਕਤਸਰ ਦੇ ਐਸ ਐਸ ਪੀ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ, ਪਰ ਉਨ੍ਹਾਂ ਨੇ ਕਾਰਵਾਈ ਨਹੀਂ ਕੀਤੀ। ਹਾਈ ਕੋਰਟ ਨੇ ਪਟੀਸ਼ਨਰਾਂ ਦਲੀਲਾਂ ਸੁਣਨ ਪਿੱਛੋਂ ਕਿਹਾ ਕਿ ਇਸ ਕੇਸ ਵਿੱਚ ਸੁਰੱਖਿਆ ਦਾ ਹੁਕਮ ਨਹੀਂ ਕੀਤਾ ਜਾ ਸਕਦਾ। ਕੋਈ ਕਾਨੂੰਨੀ ਬਦਲ ਨਹੀਂ ਹੈ। ਸੁਰੱਖਿਆ ਦਾ ਹੁਕਮ ਉਸ ਹਾਲਤ ਵਿੱਚ ਦਿੱਤਾ ਜਾਂਦਾ ਹੈ, ਜਦੋਂ ਕਿਸੇ ਨਾਗਰਿਕ ਦੇ ਜੀਵਨ ਅਤੇ ਸੁਰੱਖਿਆ ਉੱਤੇ ਸੰਕਟ ਹੋਵੇ। ਇਸ ਕੇਸ ਵਿੱਚ ਅਜਿਹਾ ਨਹੀਂ ਹੈ, ਇਸ ਲਈ ਸੁਰੱਖਿਆ ਨਾਲ ਜੁੜੀ ਪਟੀਸ਼ਨ ਪ੍ਰਵਾਨ ਨਹੀਂ।

# ਅਮਰੀਕਾ ਨੇ ਫਿਰ ਕਿਹਾ: ਭਾਰਤ ਨੂੰ ਗੁੱਟ ਨਿਰਲੇਪਤਾ ਨੀਤੀ ਛੱਡਣ ਦੀ ਲੋੜ



ਵਾਸ਼ਿੰਗਟਨ, 10 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੀ ਬਾਇਡਨ ਸਰਕਾਰ ਨੇ ਕੱਲ੍ਹ ਕਿਹਾ ਹੈ ਕਿ ਉਹ ਚਾਹੁਣਗੇ ਕਿ ਭਾਰਤ ਅੱਗੇ ਤੋਂ ਰੂਸ ਨਾਲ ਆਪਣੀ ਲੰਮਾ ਸਮਾਂ ਪੁਰਾਣੀ ਗੁੱਟ-ਨਿਰਲੇਪਤਾ ਜੀ-77 ਭਾਈਵਾਲੀ ਤੋਂ ਨਿਕਲੇ। ਉਨ੍ਹਾ ਨੇ ਨਾਲ ਹੀ ਕਿਹਾ ਕਿ ਭਾਰਤ ਕੋਲ ਅਮਰੀਕਾ ਨਾਲ ਰੱਖਿਆ ਕਾਰੋਬਾਰ ਨੂੰ ਅੱਗੇ ਵਧਾਉਣ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਖ਼ੁਸ਼ਹਾਲੀ ਤੇ ਸੁਰੱਖਿਆ ਵਧਾਉਣ ਦਾ ਚੰਗਾ ਮੌਕਾ ਹੈ।

ਉਪ ਵਿਦੇਸ਼ ਮੰਤਰੀ ਵੈਂਡੀ ਸ਼ਰਮਨ ਨੇ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰਾਂ ਨੂੰ ਕਿਹਾ,'ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਸਾਡੇ ਉਨ੍ਹਾਂ ਨਾਲ ਮਜ਼ਬੂਤ ਰੱਖਿਆ ਰਿਸ਼ਤੇ ਹਨ। ਉਹ ਆਸਟ੍ਰੇਲੀਆ ਅਤੇ ਜਪਾਨ ਨਾਲ ਕੁਆਡ ਦਾ ਹਿੱਸਾ ਹੈ ਅਤੇ ਅਸੀਂ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਖ਼ੁਸ਼ਹਾਲੀ ਤੇ ਸੁਰੱਖਿਆ ਸਮੇਤ ਕਈ ਗੰਭੀਰ ਮਸਲਿਆਂ ਦੇ ਲਈ ਅੱਗੇ ਵਧ ਰਹੇ ਹਾਂ।''ਉਨ੍ਹਾਂ ਕਿਹਾ,'ਅਸੀਂ ਇਸ ਗੱਲ ਨੂੰ ਪਹਿਲ ਦੇਵਾਂਗੇ ਕਿ ਭਾਰਤ ਰੂਸ ਨਾਲ ਆਪਣੀ ਲੰਮਾਂ ਸਮਾਂ ਪੁਰਾਣਾ ਗੁੱਟ-ਨਿਰਲੇਪਤਾ ਜੀ-77 ਭਾਈਵਾਲੀ ਤੋਂ ਦੂਰ ਹੋਵੇ।' ਅਮਰੀਕਾ ਨੇ ਭਾਰਤੀ ਅਧਿਕਾਰੀਆਂ ਨੂੰ ਕਿਹਾ ਕਿ ਰੂਸ ਉੱਤੇ ਲਾਈਆਂ ਪਾਬੰਦੀਆਂ ਕਾਰਨ ਭਾਰਤ ਲਈ ਰੂਸ ਤੋਂ ਨਵੇਂ ਪੁਰਜ਼ੇ ਹਾਸਲ ਕਰਨੇ ਮੁਸ਼ਕਲ ਹੋ ਜਾਣਗੇ। ਉਨ੍ਹਾਂ ਕਿਹਾ,'ਭਾਰਤ ਨੇ ਸਾਡੇ ਨਾਲ ਰੱਖਿਆ ਸਬੰਧ ਅਤੇ ਰੱਖਿਆ ਸਮਝੌਤੇ ਵਧਾਏ ਹਨ ਅਤੇ ਸਾਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ ਇਹ ਰਿਸ਼ਤੇ ਲੰਮੇ ਸਮੇਂ ਲਈ ਸਥਾਪਤ ਕਰਨ ਦਾ ਵਧੀਆ ਮੌਕਾ ਹੈ।' ਅਮਰੀਕੀ ਅਧਿਕਾਰੀਆਂ ਨੇ ਭਾਰਤ ਵੱਲੋਂ ਰੂਸ ਕੋਲੋਂ ਐਸ-400 ਮਿਜ਼ਾਈਲ ਸਿਸਟਮ ਦੀ ਖਰੀਦ ਕੀਤੇ ਜਾਣ ਉੱਤੇ ਵੀ ਚਿੰਤਾ ਜ਼ਾਹਿਰ ਕੀਤੀ।

# ਸ਼੍ਰੀਨਗਰ ਦੀ ਜਾਮਾ ਮਸਜਿਦ ਵਿੱਚ ਨਾਅਰੇਬਾਜ਼ੀ ਕਰਦੇ 13 ਲੋਕ ਕਾਬੂ



ਸ਼੍ਰੀਨਗਰ, 10 ਅਪ੍ਰੈਲ (ਪੋਸਟ ਬਿਊਰੋ)- ਸ਼੍ਰੀਨਗਰ ਦੀ ਪ੍ਰਸਿੱਧ ਜਾਮਾ ਮਸਜਿਦ ਵਿੱਚ ਦੇਸ਼ ਵਿਰੋਧੀ ਨਾਅਰੇ ਲਾਉਂਦੇ 13 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਉਨ੍ਹਾਂ ਦੇ ਖ਼ਿਲਾਫ਼ ਦੇਸ਼ ਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਇਸ ਬਾਰੇ ਸ਼੍ਰੀਨਗਰ ਦੇ ਸੀਨੀਅਰ ਪੁਲਸ ਮੁੱਖੀ ਨੇ ਦੱਸਿਆ ਕਿ ਦੋਸ਼ੀਆਂ ਨੂੰ ਕੱਲ੍ਹ ਨਮਾਜ਼ ਮੌਕੇਰੁਕਾਵਟ ਪਾਉਣ ਅਤੇ ਲੋਕਾਂ ਨੂੰ ਉਕਸਾ ਕੇ ਕਾਨੂੰਨ ਅਤੇ ਵਿਵਸਥਾ ਦੀ ਸਮੱਸਿਆ ਪੈਦਾ ਕਰਨ ਲਈ ਅੱਤਵਾਦੀ ਸੰਗਠਨਾਂ ਦੇ ਪਾਕਿਸਤਾਨੀ ਆਗੂਆਂ ਤੋਂ ਉਨ੍ਹਾਂ ਨੂੰ ਨਿਰਦੇਸ਼ ਮਿਲੇ ਸਨ। ਇਸ ਉੱਤੇ ਸ਼ਹਿਰ ਦੇ ਨੌਹੱਟਾ ਇਲਾਕੇ ਵਿਚਲੀ ਜਾਮਾ ਮਸਜਿਦ ਵਿੱਚ ਨਮਾਜ਼ ਖ਼ਤਮ ਹੋਣ ਪਿੱਛੋਂ ਨਾਅਰੇ ਲੱਗੇ ਸਨ। ਮਸਜਿਦ ਵਿੱਚ 24,000 ਲੋਕ ਸਨ, ਜੋ ਇਤਿਹਾਸ ਵਿੱਚ ਸਭ ਤੋਂ ਵੱਡੀ ਗਿਣਤੀ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਧ੍ਰੋਹ ਦੀਆਂ ਧਾਰਾਵਾਂ ਦੇ ਨਾਲ ਗ੍ਰਿਫ਼ਤਾਰ ਦੇ ਖ਼ਿਲਾਫ਼ ਲੋਕ ਸੁਰੱਖਿਆ ਕਾਨੂੰਨ ਦਾ ਕੇਸ ਵੀ ਦਰਜ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ,''ਕਰੀਬ ਇੱਕ ਦਰਜਨ ਲੋਕਾਂ ਨੇ ਦੇਸ਼ ਵਿਰੋਧੀ ਅਤੇ ਉਕਸਾਉਣ ਵਾਲੇ ਨਾਅਰੇ ਲਾਏ ਸਨ। ਕੁਝ ਹੋਰ ਲੋਕ ਵੀ ਉਨ੍ਹਾਂ ਨਾਲ ਆ ਗਏ ਸੀ, ਪਰ ਬਹੁਤੇ ਲੋਕ ਇਸ ਤੋਂ ਪਰੇ ਰਹੇ। ਨਾਅਰੇਬਾਜ਼ੀ ਕਰ ਰਹੇ ਲੋਕਾਂ ਅਤੇ ਮਸਜਿਦ ਦੀ ਇੰਤਜਾਮੀਆ ਕਮੇਟੀ ਦੇ ਸਵੈਸੇਵਕਾਂ ਵਿੱਚ ਝਗੜਾ ਵੀ ਹੋਇਆ ਸੀ।

## ਭੁਵਨੇਸ਼ਵਰ ਵਿੱਚ ਪਵਿੱਤਰ ਪਾਣੀ ਦਾ ਘੜਾ 1.30 ਲੱਖ ਦਾ ਵਿਕਿਆ

ਭੁਵਨੇਸ਼ਵਰ, 10 ਅਪ੍ਰੈਲ (ਪੋਸਟ ਬਿਊਰੋ)- ਇੱਥੇ ਭਗਵਾਨ ਲਿੰਗਰ-ਾਜ ਦੇ ਸਾਲਾਨਾ 'ਰੁਕੁਨ ਰਥ ਉਤਸਵ' ਮੌਕੇ ਕਰਾਈ ਗਈ ਨਿਲਾਮੀ ਵਿੱਚ ਮੁਕਤੇਸ਼ਵਰ ਮੰਦਰ ਦੇ ਮਸ਼ਹੂਰ ਮਾਰੀਚੀ 'ਕੁੰਡ' ਵਿੱਚੋਂ ਕੱਢੇ ਗਏ ਪਵਿੱਤਰ ਜਲ ਦਾ ਪਹਿਲਾ ਘੜਾ 1.30 ਲੱਖ ਰੁਪਏ ਵਿੱਚ ਵਿਕਿਆ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਮਾਰੀਚੀ ਕੁੰਡ ਨੇੜੇ ਪਵਿੱਤਰ ਜਲ ਦੀ ਨਿਲਾਮੀ ਕੱਲ੍ਹ ਰਾਤ ਹੋਈ। ਸ਼ਰਧਾਲੂਆਂ ਦਾ ਯਕੀਨ ਹੈ ਕਿ ਪਵਿੱਤਰ ਜਲ ਵਿੱਚ ਇਸ਼ਨਾਨ ਕਰਨ ਨਾਲ ਜਣੇਪੇ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ।ਭਗਵਾਨ ਲਿੰਗਰਾਜ ਮੰਦਰ ਦੇ ਸੇਵਕਾਂ ਦੇ ਸਮੂਹ 'ਬੋਡੂ ਨਿਜੋਗ' ਵੱਲੋਂ ਨਿਲਾਮੀ ਕਰਾਈ ਗਈ। ਭੁਵਨੇਸ਼ਵਰ ਦੇ ਬਾਰਾਮੰਡਾ ਖੇਤਰ ਦੇ ਇੱਕ ਜੋੜੇ ਨੇ ਸਭ ਤੋਂ ਵਧ ਕੀਮਤ ਲਾਈ ਅਤੇ ਉਨ੍ਹਾਂ ਨੂੰ 1.30 ਲੱਖ ਰੁਪਏ ਵਿੱਚ ਜਲ ਦਾ ਪਹਿਲਾ ਘੜਾ ਮਿਲਿਆ, ਜਦ ਕਿ ਮੁਢਲੀ ਕੀਮਤ ਸਿਰਫ਼ 25.000 ਰੁਪਏ ਸੀ। ਇਸੇ ਤਰ੍ਹਾਂ ਪਾਣੀ ਦਾ ਦੂਜਾ ਘੜਾ 16,000 ਰੁਪਏ ਦੀ ਮੁਢਲੀ ਕੀਮਤ ਦੇ ਮੁਕਾਬਲੇ 47,000 ਰੁਪਏ ਦਾ ਨਿਲਾਮ ਹੋਇਆ ਅਤੇਤੀਜਾ ਘੜਾ 13,000 ਰੁਪਏ ਦਾਵਿਕਿਆ। ਪਹਿਲੇ ਤਿੰਨ ਜੋੜਿਆਂ ਨੂੰ ਪਵਿੱਤਰ ਜਲ ਪ੍ਰਾਪਤ ਕਰਨ ਤੋਂ ਬਾਅਦ ਬਡੂ ਨਿਜੋਗ ਨੇ ਬਿਨਾਂ ਕਿਸੇ ਮੰਗ ਦੇ ਗ਼ਰੀਬ ਜੋੜਿਆਂ ਵਿੱਚ ਹੋਰ ਘੜੇ ਵੰਡੇ।

ਇੱਕ ਸੇਵਕ ਨੇ ਦੱਸਿਆ ਕਿ ਪਵਿੱਤਰ ਜਲ ਦੀ ਨਿਲਾਮੀ ਪ੍ਰਕਿਰਿਆ, ਜੋ ਲੰਮੇ ਸਮੇਂ ਤੋਂ ਚੱਲ ਰਹੀ ਹੈ, ਕੋਵਿਡ-19 ਮਹਾਂਮਾਰੀ ਕਾਰਨ ਪਿਛਲੇ ਦੋ ਸਾਲਾਂ ਤੋਂ ਨਹੀਂ ਕਾਰਵਾਈ ਗਈ। ਪਹਿਲੇ ਘੜੇ ਦੇ ਖਰੀਦਦਾਰਾਂ ਨੇ ਦੱਸਿਆ ਕਿ ਉਨ੍ਹਾਂ ਦਾ ਪਰਵਾਰ ਮਾਰੀਚੀ ਕੁੰਡ ਤੋਂ ਪਵਿੱਤਰ ਜਲ ਖਰੀਦਣ ਲਈ 2.5 ਲੱਖ ਰੁਪਏ ਤਕ ਭਗਤਾਨ ਕਰਨ ਲਈ ਤਿਆਰ ਹੈ।ਪ੍ਰਸਿੱਧ ਗਾਇਨ-ਾਲੋਜਿਸਟ (ਇਸਤਰੀ ਰੋਗ ਮਾਹਰ) ਡਾਕਟਰ ਸੰਤੋਸ਼ ਮਿਸ਼ਰਾ ਨੇ ਕਿਹਾ,''ਇਸ ਜਲ ਬਾਰੇ ਇਸ ਵਿਸ਼ਵਾਸ ਪਿੱਛੇ ਕੋਈ ਵਿਗਿਆਨਕ ਕਾਰਨ ਨਹੀਂ ਹੈ। ਅਸੀਂ ਇਹ ਨਹੀਂ ਮੰਨਦੇ ਕਿ ਪਾਣੀ ਦੇ ਘੜੇ ਨਾਲ ਨਹਾਉਣ ਨਾਲ ਮਨੁੱਖ ਦੀ ਪ੍ਰਜਨਣ ਸ਼ਕਤੀ ਵਧੇਗੀ। ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦੀ ਕਿ ਪਾਣੀ ਵਿੱਚ ਕੁਝ (ਹੋਰ) ਔਸ਼ਧੀ ਗੁਣ ਹੋ ਸਕਦੇ ਹਨ ਕਿਉਂਕਿ ਮਾਰੀਚੀ ਕੁੰਡ ਬਹੁਤ ਸਾਰੇ ਅਸ਼ੋਕ ਦੇ ਦਰੱਖਤਾਂ ਨਾਲ ਘਿਰਿਆ ਹੋਇਆ ਹੈ।''

### ਰਾਹੁਲ ਗਾਂਧੀ ਨੇ ਕਿਹਾ:

# ਮਾਇਆਵਤੀ ਨੂੰ ਸੀ ਐਮ ਅਹੁਦੇ ਦੀ ਪੇਸ਼ਕਸ਼ ਕੀਤੀ ਸੀ



ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀਆਂ ਵਿਧਾਨਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਬਸਪਾ ਦੇ ਨਾਲ ਗਠਬੰਧਨ ਕਰਕੇ ਚੋਣ ਲੜਨ ਦੀ ਪੇਸ਼ਕਸ਼ ਕੀਤੀ ਸੀ।

ਇਹ ਖੁਲਾਸਾ ਕਰਦੇ ਹੋਏ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਬਸਪਾ ਦੀ ਮੁਖੀ ਮਾਇਆਵਤੀ ਨੂੰ ਉਤਰ ਪ੍ਰਦੇਸ਼ ਦੀਆਂਪਿਛਲੀਆਂ ਵਿਧਾਨਸਭਾ ਚੋਣਾਂ ਮਿਲ ਕੇ ਲੜਨ ਤੇ ਉਨ੍ਹਾਂ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾਂ ਨੇ ਸਾਡੇ ਨਾਲ ਗੱਲ ਨਹੀਂ ਕੀਤੀ। ਰਾਹੁਲ ਨੇ ਦੋਸ਼ ਲਾਇਆ ਕਿ ਮਾਇਆਵਤੀ ਨੇ 'ਸੀ ਬੀ ਆਈ, ਈ ਡੀ ਅਤੇ ਪੈਗਾਸਸ' ਦੇ ਕਾਰਨ ਭਾਜਪਾ ਨੂੰ ਖੁੱਲ੍ਹਾ ਰਸਤਾ ਦਿੱਤਾ। ਕਾਂਗਰਸ ਨੇਤਾ 'ਦ ਦਲਿਤ ਟਰੂਥ' ਨਾਮੀ ਕਿਤਾਬ ਦੇ ਰੀਲੀਜ਼ ਸਮਾਗਮ ਵਿੱਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਸੰਵਿਧਾਨ ਇੱਕ ਹਥਿਆਰ ਹੈ, ਪਰ ਸੰਸਥਾਵਾਂ ਬਿਨਾਂ ਇਹ ਅਰਥਹੀਣ ਹੈ, ਜਿਨ੍ਹਾਂ ਉੱਤੇ ਆਰ ਐਸ ਐਸ ਨੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਨੇ ਕਿਹਾ,'ਇਹ ਕੋਈ ਨਵਾਂ ਹਮਲਾ ਨਹੀਂ, ਇਸਦੀ ਸ਼ੁਰੂਆਤ ਉਸੇ ਦਿਨ ਹੋ ਗਈ ਸੀ, ਜਦੋਂ ਮਹਾਤਮਾ ਗਾਂਧੀ ਨੂੰ ਗੋਲੀ ਮਾਰੀ ਗਈ।' ਰਾਹੁਲ ਨੇ ਕਿਹਾ ਕਿ ਜੇ ਉਨ੍ਹਾਂ ਨੇ ਭ੍ਰਿਸ਼ਟ ਤਰੀਕੇ ਨਾਲ ਪੈਸਾ ਕਮਾਇਆ ਹੁੰਦਾ ਤਾਂ ਉਹ ਸਰਕਾਰ ਦੇ ਖ਼ਿਲਾਫ਼ ਬੋਲ ਨਾਸਕਦੇ। ਉਨ੍ਹਾਂ ਨੇ ਦੋਸ਼ ਲਾਇਆ ਕਿ ਸੀ ਬੀ ਆਈ ਅਤੇ ਈ ਡੀ ਰਾਜਨੀਤਿਕ ਵਿਵਸਥਾ ਨੂੰ ਕੰਟਰੋਲ ਕਰਦੇ ਹਨ।

ਰਾਸ਼ਟਰੀ ਜਨਤਾ ਦਲ ਦੇ ਆਗੂ ਮਨੋਜ ਕੁਮਾਰ ਝਾਅ ਨੇ ਕਿਹਾ ਕਿ ਵਿਰੋਧੀ ਦਲਾਂ ਨੂੰ ਇੱਕਜੁੱਟ ਕਰਨ ਦੇ ਯਤਨ ਕੀਤੇ ਹਨ, ਪਰ ਇਹ ਅਮਲ ਵਿੱਚ ਨਹੀਂ ਆਇਆ। ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਵਿਰੋਧੀਆਂ ਨੂੰ ਇੱਕਜੁੱਟ ਕਰਨ ਦੇ ਬਿਆਨ ਉੱਤੇ ਝਾਅ ਨੇ ਕਿਹਾ ਕਿ ਵਿਰੋਧੀ ਦਲਾਂ ਨੂੰ ਅਗਲੇ 200 ਦਿਨਾਂ ਦੇ ਲਈ ਦੇਸ਼ ਦੀ ਜਨਤਾ ਨੂੰ ਆਪਣੇ ਏਜੰਡੇ ਦੇ ਬਾਰੇ ਦੱਸਣਾ ਹੋਵੇਗਾ ਅਤੇ ਅਗਲੀ ਚੋਣ ਦੀ ਤਿਆਰੀ ਕਰਨੀ ਹੋਵੇਗੀ।


# ਫਿਲਪੀਨ ਦੀ ਫ਼ੌਜ ਨੂੰ ਭਾਰਤ ਬ੍ਰਹਮੋਸ ਦੀ ਸਿਖਲਾਈ ਦੇਵੇਗਾ



ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਫਿਲਪੀਨ ਦੀ ਫ਼ੌਜ ਨੂੰ ਭਾਰਤ ਬ੍ਰਹਮੋਸ ਮਿਜ਼ਾਈਲ ਸਿਸਟਮ ਚਲਾਉਣ ਦੀ ਸਿਖਲਾਈ ਦੇਵੇਗਾ। ਇਸ ਲਈ ਫਿਲਪੀਨ ਦੇ ਫ਼ੌਜੀ ਇਸ ਸਾਲ ਜੁਲਾਈ-ਅਗਸਤ ਵਿੱਚ ਭਾਰਤ ਆਉਣਗੇ।

ਇਸ ਦੌਰਾਨ ਦਿੱਲੀ ਅਤੇ ਹੈਦਰਾਬਾਦ ਵਿੱਚ ਭਾਰਤ-ਰੂਸ ਦੀ ਸਾਂਝੀ ਕੰਪਨੀ ਬ੍ਰਹਮੋਸ ਏਅਰੋਸਪੇਸ, ਫਿਲਪੀਨ ਮਰੀਨ ਕਾਰਪਸ ਦੇ ਲੋਕਾਂ ਨੂੰ ਸਿਖਲਾਈ ਦੇਵੇਗੀ।ਫਿਲਪੀਨ ਨੇ ਬੀਤੇ ਜਨਵਰੀ ਵਿੱਚ ਸੁਪਰਸੋਨਿਕ ਕਰੂਜ਼ ਮਿਜ਼ਾਈਲ ਬ੍ਰਹਮੋਸ ਦੇ ਐਂਟੀ-ਸ਼ਿਪ ਵੈਰੀਐਂਟ ਨੂੰ ਖ਼ਰੀਦਣ ਲਈ ਭਾਰਤ ਨਾਲ 37.49 ਕਰੋੜ ਡਾਲਰ ਦੇ ਸੌਦੇ ਉੱਤੇ ਦਸਖ਼ਤ ਕੀਤੇ ਸਨ। ਬ੍ਰਹਮੋਸ ਮਿਜ਼ਾਈਲ ਸਿਸਟਮ ਦੀ ਪਹਿਲੀ ਬਟਾਲੀਅਨ ਅਗਲੇ 18 ਮਹੀਨਿਆਂ ਵਿੱਚ ਮਨੀਲਾ ਪਹੁੰਚਣੀ ਹੈ। ਇਨ੍ਹਾਂ ਮਿਜ਼ਾਈਲਾਂ ਲਈ ਫਿਲਪੀਨ ਨਾਲ ਕੀਤਾ ਸੌਦਾ ਕਿਸੇ ਵੀ ਦੇਸ਼ ਨਾਲ ਭਾਰਤ ਦਾਅੱਜ ਤਕ ਦਾ ਸਭ ਤੋਂ ਵੱਡਾ ਐਕਸਪੋਰਟ ਸਮਝੌਤਾ ਹੈ ਤੇ ਦੱਖਣ ਪੂਰਬ ਏਸ਼ੀਆ ਵਿੱਚ ਕਈ ਦਰਵਾਜ਼ੇ ਖੋਲ੍ਹਣ ਦੀ ਆਸ ਹੈ। ਸਮਝੌਤੇ ਤਹਿਤ ਇਨ੍ਹਾਂ ਮਿਜ਼ਾਈਲਾਂ ਦਾ ਰੱਖ-ਰਖਾਓ ਕਰਨ ਵਾਲੇ ਦਲ ਦੀ ਸਿਖਲਾਈ ਵੀ ਸ਼ਾਮਲ ਹੈ। ਬ੍ਰਹਮੋਸ ਏਅਰੋਸਪੇਸ ਅਤੇ ਡੀ ਆਰ ਡੀ ਓ ਪਹਿਲਾਂ ਤੋਂ ਹੀ ਤਿੰਨਾਂ ਸੇਵਾਵਾਂ ਵਿੱਚ ਸ਼ਾਮਲ ਬ੍ਰਹਮੋਸ ਮਿਜ਼ਾਈਲ ਦੀਆਂ ਸਮਰੱਥਾਵਾਂ ਨੂੰ ਵਧਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੇ ਹਨ ਅਤੇ ਇਸ ਵਿੱਚ ਸਫਲਤਾ ਮਿਲੀ ਹੈ। ਪਿੱਛੇ ਜਿਹੇ ਟੈਸਟ ਦੌਰਾਨ ਤਕਨੀਕੀ ਗ਼ਲਤੀ ਨਾਲ ਮਿਜ਼ਾਈਲ ਪਾਕਿਸਤਾਨ ਵਿੱਚ ਜਾ ਕੇ ਡਿੱਗੀ ਸੀ। ਇਸ ਘਟਨਾ ਵਿੱਚ ਜਾਨ-ਮਾਲ ਦਾ ਕੋਈ ਨੁਕਸਾਨ ਨਹੀਂ ਹੋਇਆ ਸੀ।ਘਟਨਾ ਪਿੱਛੋਂ ਫਿਲਪੀਨ ਅਤੇ ਕੁਝ ਹੋਰਨਾਂ ਦੇਸ਼ਾਂ ਨੂੰ ਇਸ ਮੁੱਦੇ ਉੱਤੇ ਸਪੱਸ਼ਟੀਕਰਨ ਮੰਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਭਾਰਤੀ ਅਧਿਕਾਰੀਆਂ ਨੇ ਘਟਨਾ ਦੇ ਕਾਰਨਾਂ ਦੇ ਬਾਰੇ ਦੱਸਿਆ ਕਿ ਉਹ ਇਸ ਮੁੱਦੇ ਨੂੰ ਪੂਰੀ ਤਰ੍ਹਾਂ ਸਮਝ ਗਏ। ਫਿਲਪੀਨ ਦੱਖਣੀ ਚੀਨ ਸਾਗਰ ਵਿੱਚ ਚੀਨ ਦੇ ਹਮਲਾਵਰ ਰੁਖ਼ ਨਾਲ ਨਜਿੱਠਣ ਲਈ ਆਪਣੀਆਂ ਨੇਵੀ ਦੀਆਂ ਸਮਰੱਥਾਵਾਂ ਨੂੰ ਵਧਾ ਰਿਹਾ ਹੈ।

# ਐਪਲ ਐਪ ਸਟੋਰ ਉੱਤੇ ਹਾਲੇ ਵੀ ਐਪਸ ਯੂਜ਼ਰਸ ਦਾ ਡਾਟਾ ਟ੍ਰੈਕ ਕਰ ਰਹੇ ਨੇ




ਲੰਡਨ, 10 ਅਪ੍ਰੈਲ (ਪੋਸਟ ਬਿਊਰੋ)- ਯੂਜ਼ਰਸ ਦੇ ਡਾਟਾ ਨੂੰ ਟ੍ਰੈਕ ਕਰਨ ਨਾਲ ਐਪਸ ਨੂੰ ਰੋਕਣ ਲਈ ਐਪਲ ਨੇ ਆਈ ਓ ਐਸ 14 ਵਿੱਚ ਜੋ ਪ੍ਰਾਈਵੇਸੀ ਪਰਿਵਰਤਨ ਕੀਤੇ ਹਨ, ਉਨ੍ਹਾਂ ਨੇ ਡਵੈਲਪਰਸ ਦੇਨਾਜਾਇਜ਼ ਅਭਿਆਸ ਨਾਲ ਪੂਰੀ ਤਰ੍ਹਾਂ ਨਾਲ ਰੋਕਿਆ ਨਹੀਂ ਅਤੇ ਖਪਤਕਾਰ ਵੱਲੋਂ ਐਪਸ ਨੂੰ ਟ੍ਰੈਕ ਨਾ ਕਰਨ ਲਈ ਕਹਿਣ ਦੇ ਬਾਵਜੂਦ ਕਈ ਐਪ ਅਜੇ ਵੀ ਡਾਟਾ ਟ੍ਰੈਕ ਕਰ ਰਹੇ ਹਨ। ਇੱਕ ਅਧਿਐਨ ਤੋਂ ਇਸ ਦੀ ਜਾਣਕਾਰੀ ਮਿਲੀ ਹੈ।

ਐਪਲ ਨੇ ਪਿੱਛਲੇ ਸਾਲ ਪ੍ਰਮੁੱਖ ਪ੍ਰਾਈਵੇਸੀ ਫੀਚਰ ਨੂੰ ਲਾਗੂ ਕਰਨ ਨਾਲ ਪਹਿਲਾਂ ਅਤੇ ਬਾਅਦ ਵਿੱਚ ਯੂ ਕੇ ਐਪ ਸਟੋਰ ਤੋਂ 1,759 ਆਈ ਓ ਐਸ ਐਪ ਦੇ ਅਧਿਐਨ ਵਿੱਚ ਪਤਾ ਲਾਇਆ ਸੀ ਕਿ ਐਪਲ ਦੀਆ ਨਵੀਂ ਨੀਤੀਆਂ ਟ੍ਰੈਕਿੰਗ ਨੂੰ ਹੋਰਵੱਧ ਔਖਾ ਬਣਾਉਣ ਦੇ ਆਪਣੇ ਵਾਅਦੇ ਉੱਤੇ ਖਰਾ ਉਤਰਦੀਆਂ ਹਨ। ਬ੍ਰਿਟੇਨਦੀ ਆਕਸਫੋਰਡ ਯੂਨੀਵਰਸਿਟੀ ਦੀ ਟੀਮ ਨੇ ਕਿਹਾ,'ਐਪਸ ਅਜੇ ਵੀ ਵੱਡੀਆਂ ਕੰਪਨੀਆਂ ਦੀ ਟ੍ਰੈਕਿੰਗ ਤਕਨੀਕ ਦਾ ਵਿਆਪਕ ਰੂਪ ਨਾਲ ਉਪਯੋਗ ਕਰਦੇ ਹਨ ਅਤੇ ਕੋਹੋਰਟ ਟ੍ਰੈਕਿੰਗ ਅਤੇ ਉਪਯੋਗਕਰਤਾ ਫਿੰਗਰਪ੍ਰਿੰਟਿੰਗ ਦੇ ਉਦੇਸ਼ਾਂ ਦੇ ਲਈ ਇੰਟਰਨੈਟ ਉੱਤੇ ਉਪਯੋਗਕਰਤਾ ਅਤੇ ਡਿਵਾਇਸ ਵਿਸ਼ੇਸ਼ਤਾਵਾਂ ਦਾ ਇੱਕ ਸੰਦੇਸ਼ ਭੇਜਦੇ ਹਨ।' ਆਕਸਫੋਰਡ ਯੂਨੀਵਰਸਿਟੀਵਿੱਚ ਕੰਪਿਊਟਰ ਵਿ-ਗਆਨ ਵਿਭਾਗ ਦੇ ਕੋਨਰਾਡ ਕੋਲਨਿਗ ਨੇ ਦਾਅਵਾ ਕੀਤਾ, ''ਅਸਲ ਵਿੱਚ ਐਪਲ ਸਵੈ ਖਪਤਕਾਰ ਟ੍ਰੈਕਿੰਗ ਦੇ ਕੁਝ ਰੂਪਾਂ ਵਿੱਚ ਸ਼ਾਮਲ ਹੈ ਤੇ ਆਪਣੇ ਨਵੇਂ ਗੁਪਤ ਨਿਯਮਾਂ ਨਾਲ ਫਸਟ-ਪਾਰਟੀ ਟ੍ਰੈਕਿੰਗ ਅਤੇ ਕ੍ਰੈਡਿਟ ਸਕੋਰਿੰਗ ਜਿਵੇਂ ਆਕ੍ਰਾਮਕ ਡਾਟਾ ਨੂੰ ਛੂਟ ਦਿੰਦਾ ਹੈ।'' ਟੀਮ ਨੇ ਕਿਹਾ,''ਐਪ ਦੇ ਪ੍ਰਾਈਵੇਟ ਪੋਸ਼ਣ ਲੇਬਲ ਅਕਸਰ ਗਲਤ ਅਤੇ ਖਪਤਕਾਰਾਂ ਲਈ ਧੋਖੇਬਾਜ਼ ਹੈ। ਇਹ ਕੰਪਨੀ ਦੇ ਮਾਰਕ-ਟਿੰਗ ਦਾਅਵਿਆਂ ਅਤੇ ਕਈ ਆਈ ਓ ਐਸ ਯੂਜਰਸ ਦੀਆਂ ਉਮੀਦਾਂ ਦੇ ਉਲਟ ਹੈ।''

## ਨਿਊਯਾਰਕ ਵਿੱਚ ਕੈਨੇਡੀਅਨ ਵਿਅਕਤੀ ਹਥਿਆਰਾਂ ਸਣੇ ਗ੍ਰਿਫ਼ਤਾਰ



ਨਿਊਯਾਰਕ, 10 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਨਿਊਯਾਰਕ ਸੂਬੇ ਦੇ ਮਾਊਂਟ ਮੋਰਿਸ ਇਲਾਕੇਤੋਂ ਇੱਕ ਕੈਨੇਡੀਅਨ ਮੁਸਲਿਮ ਵਿਅਕਤੀ ਨੂੰ ਗ਼ੈਰ-ਕਾਨੂੰਨੀ ਤੌਰ ਉੱਤੇ 58 ਪਿਸਤੌਲ ਰੱਖਣ ਦੇ ਦੋਸ਼ ਵਿੱਚ ਪੁਲਸ ਨੇ ਫੜਿਆ ਹੈ।

ਮਾਊਂਟ ਮੋਰਿਸ ਪੁਲਸ ਨੇ ਦੱਸਿਆ ਕਿ ਕੈਨੇਡਾ ਦੀ ਰਾਜਧਾਨੀ ਓਟਾਵਾ ਦੇ ਵਿਅਕਤੀ ਬਦਰੀ ਅਹਿਮਦ ਮੁਹੰਮਦ ਨੂੰ ਟ੍ਰੈਫਿਕ ਸਟਾਪ ਉੱਤੇ ਕਾਰ ਦੀ ਤੇਜ਼ ਰਫ਼ਤਾਰ ਕਾਰਨ ਰੋਕਿਆ ਗਿਆ। ਸ਼ੱਕ ਹੋਣ ਉੱਤੇ ਉਸ ਦੇ ਵਾਹਨ ਦੀ ਤਲਾਸ਼ੀ ਲਈ ਤਾਂ ਉਸ ਦੇ ਵਾਹਨ ਵਿੱਚੋਂ 58 ਹੈਂਡ-ਗੰਨਜ਼ ਅਤੇ ਕਈ ਉਚ-ਸਮਰਥਾ ਵਾਲੇ ਮੈਗਜ਼ੀਨ ਬਰਾਮਦ ਮਿਲੇ।ਪੁਲਸ ਦਾ ਕਹਿਣਾ ਹੈ ਕਿ ਕਾਰ ਦੇ ਟਰੰਕ ਵਿੱਚ ਡਫਲ ਬੈਗ ਵਿੱਚ ਪਿਸਤੌਲ ਤੇ ਮੈਗਜ਼ੀਨ ਸਨ। ਮਾਊਂਟ ਮੋਰਿਸ ਪੁਲਸ ਵਿਭਾਗ ਦੇ ਮੁੱਖੀ ਜੈਫ਼ ਵਿਡਰਿਕ ਨੇ ਕਿਹਾ ਕਿ ਮੈਂ ਸਾਫ ਤੌਰ ਉੱਤੇ ਹੈਰਾਨ ਸੀ ਅਤੇ ਜਦੋਂ ਮੈਨੂੰ ਫ਼ੋਨ ਆਇਆ ਤਾਂ ਮੈਂ ਇਹ ਵੇਖਿਆ। ਉਨ੍ਹਾਂ ਕਿਹਾ ਕਿ ਇਹ ਉਹ ਚੀਜ਼ਾਂ ਨਹੀਂ, ਜੋ ਤੁਸੀਂ ਰੋਜ਼ ਦੇਖਦੇ ਹੋ ਪਰ ਅਸੀਂ ਇੰਨੀ ਵੱਡੀ ਮਾਤਰਾ 'ਚ ਪਿਸਤੌਲ ਸੜਕ ਉੱਤੇ ਤਲਾਸ਼ੀ ਲੈਂਦਿਆਂ ਫੜੇ, ਇਹ ਸਾਡੀ ਖ਼ੁਸ਼ਕਿਸਮਤੀ ਹੈ। ਜਾਂਚ ਤੋਂਪਤਾ ਲੱਗਾ ਕਿ ਅਹਿਮਦ-ਮੁਹੰਮਦ ਉੱਤੇ ਪਹਿਲਾਂ ਵੀ ਹਥਿਆਰ ਦੇ ਅਪਰਾਧਕ ਕਬਜ਼ੇ ਦੇ ਦੋਸ਼ ਹਨ। ਅਦਾਲਤ ਵੱਲੋਂ ਉਸ ਉੱਤੇ 100,000 ਡਾਲਰ ਦੀ ਜ਼ਮਾਨਤ ਅਤੇ 20,000 ਲੱਖ ਡਾਲਰ ਦਾ ਬਾਂਡ ਰੱਖਿਆ ਗਿਆ ਹੈ।

## ਇੱਕ ਕਰੋੜ ਤੋਂ ਵੱਧ ਕੀਮਤ ਵਾਲੇ ਘਰਾਂ ਦੀ ਵਿਕਰੀ ਵਿੱਚ ਉਛਾਲ

ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਜਨਤਾ ਜਦੋਂ ਮਹਿੰਗਾਈ ਤੋਂ ਪ੍ਰੇਸ਼ਾਨ ਹੈ,ਓਦੋਂ ਵੀ ਇੱਕ ਸੈਕਟਰ ਅਜਿਹਾ ਹੈ, ਜਿੱਥੇ ਮਹਿੰਗਾਈ ਦਾ ਅਸਰ ਨਹੀਂ ਦਿਖਾਈ ਦੇ ਰਿਹਾ।

ਇੱਕ ਰਿਪੋਰਟ ਅਨੁਸਾਰ ਇਸ ਸਾਲ ਜਨਵਰੀ-ਮਾਰਚ ਦੀ ਤਿਮਾਹੀ ਵਿੱਚ ਸੱਤ ਪ੍ਰਮੁੱਖ ਸ਼ਹਿਰਾਂ ਵਿੱਚ ਇੱਕ ਕਰੋੜ ਰੁਪਏ ਅਤੇ ਉਸ ਤੋਂਵੱਧ ਕੀਮਤ ਦੇ ਘਰਾਂ ਦੀ ਵਿਕਰੀ 83 ਪ੍ਰਤੀਸ਼ਤ ਵਧ ਕੇ 10,988 ਇਕਾਈ ਹੋ ਗਈ ਹੈ। ਕੋਰੋਨਾ ਮਹਾਮਾਰੀ ਕਾਰਨ ਵੱਡੇ ਫਲੈਟਾਂ ਦੀ ਮੰਗ ਵਧੀ ਹੈ। ਇੱਕ ਸਾਲ ਪਹਿਲਾਂ ਇਸੇ ਤਿਮਾਹੀ ਵਿੱਚ ਘਰਾਂ ਦੀ ਵਿਕਰੀ 5,994 ਇਕਾਈ ਸੀ।ਜੇ ਐਲ ਐਲ ਇੰਡੀਆ ਨੇ ਸੱਤ ਪ੍ਰਮੁੱਖ ਸ਼ਹਿਰਾਂ ਬੇਂਗਲੁਰੂ, ਚੇਨੰਈ, ਪੂਨੇ, ਮੁੰਬਈ, ਕੋਲਕਾਤਾ, ਦਿੱਲੀ-ਐਨ ਸੀ ਆਰ ਅਤੇ ਹੈਦਰਾਬਾਦ ਦੇ ਲਈ ਤਿਮਾਹੀ ਵਿਕਰੀ ਦੇ ਸਿਰਫ਼ ਅਪਾਰਟਮੇਂਟਾਂ ਦੇ ਅੰਕੜੇ ਜਾਰੀ ਕੀਤੇ। 1-15 ਕਰੋੜ ਮੁੱਲ ਵਾਲੇ ਅਪਾਰਟਮੈਂਟ ਦੀ ਵਿਕਰੀ ਜਨਵਰੀ-ਮਾਰਚ ਦੇ ਦੌਰਾਨ ਵਧ ਕੇ 6,187 ਯੂਨਿਟ ਹੋ ਗਈ, ਇੱਕ ਸਾਲ ਪਹਿਲਾਂ ਇਸੇ ਮਿਆਦ ਵਿੱਚ 3,450 ਯੂਨਿਟਸੀ। 1.5 ਕਰੋੜ ਤੋਂ ਵੱਧ ਕੀਮਤ ਵਾਲੇ ਅਪੈਰਟਮੇਂਟਾਂ ਦੀ ਵਿਕਰੀ ਇੱਕ ਸਾਲ ਪਹਿਲਾਂ ਦੀ ਇਸੇ ਅਰਸੇ ਦੇ 2,544 ਤੋਂ ਵਧ ਕੇ 4,801 ਯੂਨਿਟ ਹੋ ਗਈ।

## ਮੁਫ਼ਤ ਐਲਾਨ ਕਰਦੀਆਂ ਪਾਰਟੀਆਂ ਨੂੰ ਰੋਕਣਾ ਸਾਡੇ ਅਧਿਕਾਰ ਵਿੱਚ ਨਹੀਂ: ਚੋਣ ਕਮਿਸ਼ਨ





ਨਵੀਂ ਦਿੱਲੀ, 10 ਅਪ੍ਰੈਲ (ਪੋਸਟ ਬਿਊਰੋ)- ਅਦਾਲਤ ਵਿੱਚ ਪਹੁੰਚੀਆਂ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਵਿੱਚ ਮੁਫ਼ਤ ਸਾਮਾਨ ਦੇਣ ਦੇ ਐਲਾਨ ਦੇ ਕੇਸ ਵਿੱਚ ਚੋਣ ਕਮਿਸ਼ਨ ਨੇ ਐਫੀਡੇਵਿਟ ਪੇਸ਼ ਕਰ ਕੇ ਕਿਹਾ ਕਿ ਚੋਣ ਕਮਿਸ਼ਨ ਪਾਰਟੀਆਂ ਦੇ ਮੁਫ਼ਤ ਐਲਾਨਾਂ ਦੇ ਵਾਅਦੇ ਉੱਤੇ ਰੋਕ ਨਹੀਂ ਲਾ ਸਕਦਾ। ਕਮਿਸ਼ਨ ਨੇ ਕਿਹਾ ਕਿ ਅਜਿਹਾ ਕਰਨਾ ਉਨ੍ਹਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਸੁਪਰੀਮ ਕੋਰਟ ਵਿੱਚ ਇਸ ਕੇਸਦੀ ਪਟੀਸ਼ਨ ਵਿੱਚਉਨ੍ਹਾ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ ਗਈ ਸੀ, ਜੋ ਚੋਣਾਂ ਤੋਂ ਪਹਿਲਾਂ ਜਾਂ ਬਾਅਦਮੁਫ਼ਤ ਦਾ ਸਾਮਾਨ ਦੇਣ ਦਾ ਵਾਅਦਾ ਕਰਦੀਆਂ ਹਨ। ਕਮਿਸ਼ਨ ਨੇ ਐਫੀਡੇਵਿਟ ਵਿੱਚ ਕਿਹਾ ਕਿ ਅਜਿਹਾ ਕਰਨਾ ਸਿਆਸੀ ਪਾਰਟੀਆਂ ਦਾ ਨੀਤੀਗਤ ਫ਼ੈਸਲਾ ਹੈ।

ਇਹੀ ਨਹੀਂ, ਕਮਿਸ਼ਨ ਨੇ ਐਫੀਡੇਵਿਟ ਵਿੱਚ ਇਹ ਵੀ ਕਿਹਾ ਕਿ ਮੁਫ਼ਤ ਐਲਾਨਾਂ ਦੇ ਵਾਅਦੇ ਰੈਗੂਲੇਟ ਕਰਨ ਦੀ ਕੋਈ ਵੀ ਕਾਰਵਾਈ ਤਦੇ ਕਾਰਗਰ ਹੋਵੇਗੀ ਜਦੋਂ ਇਸ ਬਾਰੇ ਕਾਨੂੰਨੀ ਵਿਵਸਥਾ ਬਣਾਈ ਜਾਵੇ। ਚੋਣ ਕਮਿਸ਼ਨ ਨੇ ਕਿਹਾ ਕਿ ਚੋਣ ਕਮਿਸ਼ਨ ਰਾਜਾਂ ਦੀਆਂ ਨੀਤੀਆਂ ਤੇ ਫ਼ੈਸਲਿਆਂ ਨੂੰ ਰੈਗੂਲੇਟ ਨਹੀਂ ਕਰ ਸਕਦਾ, ਜੋ ਜਿੱਤਣ ਵਾਲੀ ਪਾਰਟੀ ਵੱਲੋਂ ਸਰਕਾਰ ਬਣਾਉਣ ਉੱਤੇ ਲਏ ਜਾ ਸਕਦੇ ਹਨ। ਐਫੀਡੇਵਿਟ ਮੁਤਾਬਕ ਅਦਾਲਤ ਪਾਰਟੀਆਂ ਲਈ ਨਿਰੇਦਸ਼ ਜਾਰੀ ਕਰ ਸਕਦੀ ਹੈ, ਪਰ ਚੋਣ ਕਮਿਸ਼ਨ ਲਾਗੂ ਨਹੀਂ ਕਰ ਸਕਦਾ। ਚੋਣ ਕਮਿਸ਼ਨ ਨੇ ਕਿਹਾ ਕਿ ਇਹ ਨੀਤੀਆਂ ਆਰਥਿਕ ਪੱਖ ਤੋਂ ਸਹੀ ਜਾਂ ਰਾਜ ਦੀ ਆਰਥਿਕ ਸਿਹਤ ਉੱਤੇ ਉਲਟ ਪ੍ਰਭਾਵ ਪਾਉਂਦੀਆਂ ਹਨ, ਇਸ ਜਵਾਬ ਰਾਜ ਦੇ ਵੋਟਰਾਂ ਨੇ ਲੱਭਣਾ ਹੈ। ਇਸ ਤੋਂ ਪਹਿਲਾਂ ਜਨਵਰੀ ਵਿੱਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰਕੇ ਚਾਰ ਹਫ਼ਤਿਆਂ ਵਿੱਚ ਜਵਾਬ ਮੰਗਿਆ ਸੀ। ਅਦਾਲਤ ਵੱਲੋਂ ਅਜਿਹੇ ਮਾਮਲੇ ਨੂੰ ਗੰਭੀਰ ਮੁੱਦਾ ਕਰਾਰ ਦਿੱਤਾ ਗਿਆ ਸੀ।

# ਵਿੱਲ ਸਮਿਥ ਉਤੇ 10 ਸਾਲਾਂ ਲਈ ਆਸਕਰ ਵਿੱਚ ਜਾਣ ਦੀ ਪਾਬੰਦੀ

ਲਾਸ ਏਂਜਲਸ, 10 ਅਪ੍ਰੈਲ (ਪੋਸਟ ਬਿਊਰੋ)- ਹਾਲੀਵੁੱਡ ਦੀ ਫਿਲਮ ਅਕੈਡਮੀ ਨੇ ਕੱਲ੍ਹ ਕਿਹਾ ਕਿ ਉਸ ਦੇ ਬੋਰਡ ਆਫ ਗਵਰਨਰਜ਼ ਨੇ ਫਿਲਮ ਅਦਾਕਾਰ ਵਿੱਲ ਸਮਿਥ ਨੂੰ ਆਸਕਰ ਦੇ ਕਿਸੇ ਵੀ ਸਮਾਗਮ ਵਿੱਚ ਅਗਲੇ ਦਸ ਸਾਲਾਂ ਤਕ ਹਿੱਸਾ ਲੈਣ ਤੋਂ ਰੋਕ ਦਿੱਤਾ ਹੈ। ਇਹ ਕਾਫੀ ਸਖਤ ਫੈਸਲਾ ਮੰਨਿਆ ਜਾਂਦਾ ਹੈ।

ਵਰਨਣ ਯੋਗ ਹੈ ਕਿ ਇਸ ਵਾਰੀ ਦੇ ਆਸਕਰ ਐਵਾਰਡ ਸਮਾਗਮ ਵਿੱਚ ਵਿੱਲ ਸਮਿਥ ਨੇ ਆਪਣੀ ਪਤਨੀ ਖ਼ਿਲਾਫ਼ ਇਤਰਾਜ਼ਯੋਗ ਟਿੱਪਣੀ ਬਦਲੇ ਹੋਸਟ ਕ੍ਰਿਸ ਰਾਕ ਨੂੰ ਥੱਪੜ ਮਾਰ ਦਿੱਤਾ ਸੀ। ਵਿੱਲ ਸਮਿਥ ਨੂੰ ਕਿੰਗ ਰਿਚਰਡ ਫਿਲਮ ਵਿੱਚ ਸ਼ਾਨਦਾਰ ਐਕਟਿੰਗ ਲਈ ਸਰਬੋਤਮ ਅਦਾਕ-ਾਰ ਐਵਾਰਡ ਮਿਲਿਆ ਸੀ। ਇਸ ਘਟਨਾ ਨਾਲ ਐਵਾਰਡਸਮਾਗਮ ਦਾ ਮਜ਼ਾ ਕਿਰਕਿਰਾ ਹੋ ਗਿਆ। ਸਾਰੀ ਚਰਚਾ ਇਸ ਥੱਪੜ ਕਾਂਡ ਉੱਤੇ ਹੀ ਕੇਂਦਰਿਤ ਹੋ ਗਈ ਸੀ। ਅਕੈਡਮੀ ਆਫ ਮੋਸ਼ਨ ਪਿਕਚਰਸ ਆਰਟਸ ਐਂਡ ਅਸਾਇੰਸਿਜ਼ ਦੇ ਪ੍ਰੈਜ਼ੀਡੈਂਟ ਡੈਵਿਡ ਰੂਬਿਨ ਤੇ ਚੀਫ ਐਗਜ਼ੀਕਿਊਟਿਵ ਡਾਨ ਹਡਸਨ ਨੇ ਇਸ ਬਾਰੇ ਇੱਕ ਬਿਆਨ ਵਿੱਚ ਕਿਹਾ ਕਿ 94ਵਾਂ ਆਸਕਰ ਸਮਾਗਮ ਕਈ ਲੋਕਾਂ ਲਈ ਬਹੁਤ ਅਹਿਮ ਸੀ, ਪਰ ਵਿੱਲ ਸਮਿਥ ਦੇ ਮਾੜੇ ਵਿਹਾਰ ਕਾਰਨ ਉਨ੍ਹਾਂ ਦੇ ਖ਼ੁਸ਼ੀ ਦੇ ਪਲਾਂ ਉੱਤੇ ਪਾਣੀ ਫਿਰ ਗਿਆ। ਜ਼ਿਕਰਯੋਗ ਹੈ ਇਸ ਘਟਨਾ ਤੋਂ ਬਾਅਦ ਵਿੱਲ ਸਮਿਥ ਨੇ ਕ੍ਰਿਸ ਰਾਕ ਤੋਂ ਮਾਫੀ ਮੰਗਣ ਦੇ ਨਾਲ ਇੱਕ ਅਪ੍ਰੈਲ ਨੂੰ ਅਕੈਡਮੀ ਤੋਂ ਅਸਤੀਫ਼ਾ ਦੇ ਦਿੱਤਾ ਸੀ।



ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ
ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149
ਸ਼ਗਨਾਂ ਵਾਲੀ ਧੈਲੀ
ਸ਼ਾਲ
ਡੀਜ਼ਾਈਨਰ ਸੂਟ

# ਸ਼ਰਦ ਪਵਾਰ ਦੇ ਘਰ ਉੱਤੇ ਹਮਲਾ, ਵਕੀਲ ਸਣੇ 110 ਜਣੇ ਗ੍ਰਿਫ਼ਤਾਰ



ਮੁੰਬਈ, 10 ਅਪ੍ਰੈਲ (ਪੋਸਟ ਬਿਊਰੋ)- ਨੈਸ਼ਨਲ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਦੇ ਘਰ ਨੂੰ ਹਮਲੇ ਦਾ ਨਿਸ਼ਾਨਾ ਬਣਾਉਣ ਦੇ ਦੋਸ਼ ਵਿੱਚ ਕੱਲ੍ਹ ਮੁੰਬਈ ਦੀ ਇੱਕ ਅਦਾਲਤ ਨੇ ਮਹਾਰਾਸ਼ਟਰ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਐਮ ਐਸ ਆਰ ਟੀ ਸੀ) ਮੁਲਾਜ਼ਮਾਂ ਦੇ ਵਕੀਲ ਐਡਵੋਕੇਟ ਗੁਨਰਤਨ ਸਦਵਰਤੇ ਨੂੰ ਦੋ ਦਿਨਾਂ ਦੇ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਹੈ। ਉਹ 11 ਅਪ੍ਰੈਲ ਤੱਕ ਪੁਲਸ ਹਿਰਾਸਤ ਵਿੱਚ ਰਹਿਣਗੇ। ਇਸ ਤੋਂ ਇਲਾਵਾ ਟਰਾਂਸਪੋਰਟ ਕਾਰਪੋਰੇਸ਼ਨ ਦੇ 109 ਹੋਰ ਕਾਮਿਆਂ ਨੂੰ ਇਸੇ ਦੋਸ਼ ਵਿੱਚ ਜੁਡੀਸ਼ਲ ਹਿਰਾਸਤ ਵਿੱਚ ਭੇਜਿਆ ਗਿਆ ਹੈ। ਉਹ ਜ਼ਮਾਨਤ ਲਈ ਅਰਜ਼ੀ ਪੇਸ਼ ਕਰ ਸਕਦੇ ਹਨ। ਵਕੀਲ ਗੁਨਰਤਨ ਸਦਵਰਤੇ ਉੱਤੇ ਐਨ ਸੀ ਪੀ ਮੁੱਖੀ ਸ਼ਰਦ ਪਵਾਰ ਦੇ ਘਰ ਉੱਤੇ ਦੋ ਦਿਨ ਪਹਿਲਾਂ ਹੋਏ ਹਮਲੇ ਲਈ ਮੁਲਾਜ਼ਮਾਂ ਨੂੰ ਭੜਕਾਉਣ ਦਾ ਦੋਸ਼ ਹੈ।

ਮਹਾਰਾਸ਼ਟਰ ਦੀ ਸੱਤਾਧਾਰੀ ਸ਼ਿਵ ਸੈਨਾ ਨੇ ਦੋਸ਼ ਲਾਇਆ ਕਿ ਐਨ ਸੀ ਪੀ ਮੁਖੀ ਸ਼ਰਦ ਪਵਾਰ ਦੇ ਘਰਹਮਲੇ ਦੀ ਸਾਜ਼ਿਸ਼ ਵਿਰੋਧੀ ਧਿਰ ਭਾਜਪਾ ਨੇ ਘੜੀ ਸੀ। ਇੱਕ ਮੰਤਰੀ ਨੇ ਕਿਹਾ ਕਿ ਸੀਨੀਅਰ ਆਗੂ ਸ਼ਰਦ ਪਵਾਰ ਅਤੇ ਉਸ ਦੇ ਪਰਵਾਰ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਲਈ ਇਹ ਯੋਜਨਾ ਬਣਾਈ ਗਈ ਸੀ। ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਰਾਜ ਦੇ ਹਾਊਸਿੰਗ ਮੰਤਰੀ ਡਾ. ਜਤਿੰਦਰ ਅਵਦ ਦਾ ਦਾਅਵਾ ਹੈ ਕਿ ਹਮਲੇ ਦਾ ਮਕਸਦ ਸ਼ਰਦ ਪਾਵਰ, ਉਨ੍ਹਾਂ ਦੀ ਪਤਨੀ ਤੇ ਹੋਰ ਪਰਵਾਰਕ ਮੈਂਬਰਾਂ ਨੂੰ ਸਰੀਰਕ ਨੁਕਸਾਨ ਪੁਚਉਣਾ ਸੀ, ਜੋ ਉਸ ਸਮੇਂ ਆਪਣੇ ਸਿਲਵਰ ਓਕਸ ਬੰਗਲੇ ਵਿੱਚ ਮੌਜੂਦ ਸਨ। ਐਨ ਸੀ ਪੀ ਦੇ ਸੂਬਾਈ ਬੁਲਾਰੇ ਮਹੇਸ਼ ਤਾਪਸੀ ਨੇ ਕਿਹਾ ਕਿ ਇਹ ਹਮਲਾ ਯੋਜਨਾਬੱਧ ਤੇ ਸਿਆਸਤ ਤੋਂ ਪ੍ਰੇਰਿਤ ਸੀ।

ਸ਼ਰਦ ਪਵਾਰ ਨੂੰ ਮਿਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਅਤੇ ਪਾਰਟੀ ਦੇ ਮੁੱਖ ਬੁਲਾਰੇ ਸੰਜੈ ਰਾਊਤ ਨੇ ਕਿਹਾ ਕਿ ਸੰਘਰਸ਼ ਕਰ ਰਹੇ ਟਰਾਂਸਪੋਰਟ ਕਾਮਿਆਂ ਦਾ ਕੱਲ੍ਹ ਕੋਈ ਪ੍ਰਦਰਸ਼ਨ ਨਹੀਂ ਸੀ, ਪਰ ਐਨ ਸੀ ਪੀ ਆਗੂ ਦੀ ਦੱਖਣੀ ਮੁੰਬਈ ਵਾਲੀ ਰਿਹਾਇਸ਼ ਉੱਤੇ ਯੋਜਨਾਬੱਧ ਢੰਗ ਨਾਲ ਹਮਲਾ ਹੋਇਆ ਹੈ। ਮੁੰਬਈ ਪੁਲਸ ਨੇ ਇਸ ਮਗਰੋਂ ਮੁੱਖ ਮੰਤਰੀ ਉਧਵ ਠਾਕਰੇ, ਡਿਪਟੀ ਉਪ ਮੁੱਖ ਮੰਤਰੀ ਅਜੀਤ ਪਵਾਰ, ਟਰਾਂਸਪੋਰਟ ਮੰਤਰੀ ਅਨਿਲ ਪਰਬ ਅਤੇ ਪਵਾਰ ਦੇ ਪਰਵਾਰ ਸਣੇ ਹੋਰ ਆਗੂਆਂ ਦੀ ਸੁਰੱਖਿਆ ਵਧਾ ਦਿੱਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

```
Looking for a Suitable match for Khatri Punjabi
36 yrs old 5,6.Boy have multiple Visitor Visa
Divorced after a Short Marriage no issue .Boy is in
Canada right now. Sister Well Settled in Toronto. No
Caste bar, looking for Canadian P.R. or Citizen
Contact on 6473004877
Email :> komal1128@gmail.com
```

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ [illegible] ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਪੜ੍ਹਿਆ ਲਿਖਿਆ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੇਸਾ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal, Co-Host
Cell:416-587-5520
Email: iqbalmahal46@gmail.com
Iqbal Mahal, Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫੀਮੇਲ ਇੰਸਟਰਕਟਰ
647-998-7500 ਬਲਵਿੰਦਰ

## Urgently Need New Listings in Brampton/Caledon

visit: www.teamjagaujla.com

Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866

31 Melanie Dr. Unit #4 Brampton, ON L6T 5H8

SOLD — $1,399,999 — CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE — $1,749,900 — 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE — $1,950,000 — 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੂਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

## HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



ASIAN FOOD CENTRE

## Vaisakhi SALE

www.AsianFoodCentre.com
8TH APR TO 19TH APR 2022
Fresh Fruits, Vegetables, Indian & Canadian Grocery

- SHER DESI STYLE ATTA $13.99
- TAJ ATTA $12.99
- MEERA BESAN $4.99
- ALMONDS $4.99 1LB (REG.$6.99)
- ASIAN BASMATI RICE $8.99
- AFC DIAMOND RICE $7.99
- MOTHER DAIRY PANEER $4.29
- SAFFRON $1.99 1G (REG.$2.99)
- GOLDEN COOKIES $5.49 2.5LB (REG.$6.99)
- ANGUR TOOR DAL $13.99
- TASTY BROWN SUGAR $7.99
- REDPATH SUGAR $2.99
- TEA INDIA $8.99
- INDIAN ROOHAFZA $3.49
- PARLE-G $0.89
- BRAR RASMALAI $8.99
- BRITANNIA DRY CAKE $2.99
- MOTHER DAIRY MAKHANI $3.99
- BIKANERI COOKIES $4.99 2.5LB
- POPULAR PARATHA $3.99
- HEINZ KETCHUP $4.99
- MR GOUDAS SALT $0.99
- INDICA NATURAL BROWN HAIR COLOR 2 FOR $4
- PACHARANGA FOODS ASSORTED PICKLE $3.79
- GOOD DAY COOKIES 3 FOR $2
- SURATI SNACKS $2.29
- APPY FIZZ $0.99
- WAGHBAKRI TEA $10.99
- BR TIGER GLUCOSE BISCUIT $1.49
- MR GOUDAS CHICK PEAS $1.49
- BIKANO DRY PETHA $3.99 400G (REG.$4.99)
- BIKANERI GOLGAPPE $3.29 EA
- MR GOUDAS RED KIDNEY BEANS $1.49 540ML
- PAKISTANI ROOHAFZA $4.49
- BRITANNIA MILK RUSK $3.49
- BLACK CHANA $4.49 4LB (REG.$4.99)
- CHANA DAL $3.99
- CIAN FRESH CUT VEGETABLES $0.79 340GM
- PRAN ASST CHUTNEY $2.29 300GM
- PRAN FLATTENED RICE (POHA) $1.29 EA

VARIETIES OF SWEETS AVAILABLE

ETOBICOKE — 10 Westmore Dr. 416-740-3262 (MEAT SHOP AVAILABLE)
MISSISSAUGA — 1075 Ceremonial Dr 905-502-1600 (MEAT SHOP AVAILABLE)
BRAMPTON — 621 Wanless Dr. 905-495-3336 (MEAT SHOP AVAILABLE)
BRAMPTON — 2120 N Park Dr. 905-793-1338 (MEAT SHOP AVAILABLE)
BRAMPTON — 80 Pertosa Dr. 905-460-0009
BRAMPTON — 40 Airport RD & Lacoste Blvd. 905-794-8109 (MEAT SHOP)
BRAMPTON — 10510 Torbram Rd. 905-790-0030
BRAMPTON — 10 Pannahill Dr. 905-913-8017 (MEAT SHOP)
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media